ਸਈਆਂ ? ਪੰਜਾਬ ਵਿਚ ਪੰਜਾਬੀ ਦਾ ਰਾਜ ਹੋਵੇ।

ਲਕੀਰਾਂ

ਧਾਰਮਕ, ਇਤਹਾਸਕ, ਸੋਸ਼ਲ
ਭਾਈ, ਚਾਰਕ ਸੁਧਾਰਕ ਕਵਿਤਾਵਾਂ
ਦਾ ਵਧੀਆ ਸੰਗਰਹਿ

ਲੇਖਕ :–

ਪੰਜਾਬੀ ਦੇ ਪ੍ਰਸਿਧ ਕਵੀ
ਪੰਜਾਬੀ ਬੁਲਬੁਲ

ਸੂਦਾਰ ਕਰਮ ਸਿੰਘ ਜੀ "ਸੇਵਕ"

ਕਿੰਗਜ਼ਵੇ ਦਿਲੀ

ਕਰਤਾ

"ਨੂਰੀ ਕਣੀਆਂ" "ਖੁਲੀਆਂ ਖੇਡਾਂ" "ਜੀਵਨ ਸੁਪਨੇ"
ਆਦਿਕ

ਪ੍ਰਕਾਸ਼ਕ :–

ਭਾਈ ਹਰਬੰਸ ਸਿੰਘ ਸੁਖਦੇਵ ਸਿੰਘ

ਪੁਸਤਕਾਂ ਵਾਲੇ ਗੁਰਦਵਾਰਾ ਸੀਸ ਗੰਜ
ਚਾਂਦਨੀ ਚੌਕ

ਦਿੱਲੀ

ਮੁਲ ੧ ॥)

16728

ਸੱਭ ਹਕੱ ਲੇਖਕ ਦੇ ਰਾਖਵੇਂ ਹਨ

ਪਹਿਲੀ ਵਾਰ ਜਨਵਰੀ ੧੯੫੨

ਸੰਦੇਸ਼ ਪ੍ਰੈਸ ੧੨੮੭ ਲਾਜਪਤ ਰਾਏ ਮਾਰਕੀਟ ਚਾਂਦਨੀ ਚੌਂਕ ਦਿਲੀ ਵਿਚ ਸ਼ਦਾਰ ਨਰਿਦੰਰ ਸਿੰਘ ਜੀ ਰਾਜਵੰਸ਼ੀ ਦੇ ਪ੍ਰਬੰਧ ਨਾਲ ਛਪੀ ।

ਭੇਟਾ

ਉਸ "ਰੂਹ" ਨੂੰ

ਜਿਦ੍ਹੀਆਂ ਅਸੀਸਾਂ ਦਾ ਸਦਕਾ

"ਸੇਵਕ"

ਮੁਖ–ਬੰਦ

ਮੈਨੂੰ ਵੀਰ ਕਰਮ ਸਿੰਘ "ਸੇਵਕ" ਨੇ ਉਨ੍ਹਾਂ ਦੇ ਨਵੇਂ ਕਾਵਿ–ਸੰਗ੍ਰਹਿ "ਲਕੀਰਾਂ" ਦੇ ਆਦ ਵਿੱਚ ਕੁਝ ਸਤਰਾਂ ਲਿਖਣ ਲਈ ਕਿਹਾ ਹੈ। ਕਿਹਾ ਚੰਗਾ ਹੁੰਦਾ ਜੇ ਉਹ ਇਸ ਕਵਿਤਾ ਦਾ ਮੁਖ–ਬੰਦ ਕਿਸੇ ਕਵੀ ਪਾਸੋਂ ਲਿਖਵਾਂਦੇ। ਮੈਂ ਇੱਕ ਪਤ੍ਰ–ਕਾਰ ਹਾਂ ਤੇ ਪਤ੍ਰਕਾਰ ਦੀ ਜ਼ਿੰਦਗੀ ਵਿੱਚ ਇਨਾ ਵਿਹਲ ਮਿਲਨਾਂ ਅਤਿ ਕਠਨ ਹੈ ਕਿਸੇ ਕਵਿਤਾ ਦੀ ਕਿਤਾਬ ਨੂੰ ਉਸੇ ਗੰਭੀਰਤਾ, ਠੱਰਮੇਂ ਤੋਂ ਗਹੁ ਨਾਲ ਪੜ੍ਹੇ ਜਿਸ ਦੀ ਉਹ ਅਭਿਲਾਸ਼ੀ ਹੁੰਦੀ ਹੈ। ਪਰ 'ਸੇਵਕ' ਜੀ ਦੇ ਮਿਠੇ ਸਨੇਹ ਨੇ ਮੈਨੂੰ ਇਨਕਾਰ ਕਰਨ ਦੀ ਸਮਰਥਾ ਨਹੀਂ ਦਿਤੀ ਓ ਇਹ ਸਤ੍ਰਾਂ ਲਿਖ ਰਿਹਾ ਹਾਂ।

ਭਾਵੇਂ ਮੈਂ ਕਵੀ ਨਹੀਂ ਪਰ ਪੰਜਾਬੀ ਕਵਿਤਾ ਨੂੰ ਪੜ ਕੇ ਵੱਡਾ ਰਸ ਮਾਣਦਾ ਰਿਹਾ ਹਾਂ। ਹਿੰਦੀ, ਉਰਦੂ, ਅੰਗਰੇਜ਼ੀ, ਤੇ ਮਰਹਟੀ ਕਵਿਤਾ ਨੂੰ ਪੜ੍ਹਿਆ ਹੈ ਪਰ ਜੋ ਧੂਹ, ਪੰਜਾਬੀ ਕਾਵਿ ਨੇ ਮੇਰੇ ਦਿਲ ਵਿੱਚ ਪਾਈ ਹੈ ਉਹ ਹੋਰ ਕਿਸੇ ਜ਼ਬਾਨ ਦੀ ਕਵਿਤਾ ਨਹੀਂ ਪਾ ਸਕੀ ਪੰਜਾਬੀ ਕਵਿਤਾ ਨੂੰ ਪੜ੍ਹ ਕੇ ਮੈਂ ਇੰਜ ਅਨੁਭਵ ਕਰਦਾ ਹਾਂ ਜਿਵੇਂ ਮੈਂ ਆਪਣੀ ਮਾਂ ਦੀਆਂ ਲੋਰੀਆਂ ਸੁਣ ਰਿਹਾ ਹਾਂ।

ਕਵੀ ਦਾ ਇਹ ਪਹਿਲਾ 'ਕਾਵਿ ਸੰਗ੍ਰਹ' ਨਹੀਂ ਇਸ ਤੋਂ ਪਹਿਲਾਂ ਵੀ ਕਵੀ 'ਨੂਰੀ ਕਣੀਆਂ' ਖੁਲ੍ਹੀਆਂ ਖੇਡਾਂ, 'ਜੀਵਨ ਸੁਪਨੇ' ਆਦਿ ਛਾਪ ਚੁਕਾ ਹੈ। ਜਿਨਾ ਦੀ ਭਰਵੇਂ ਸ਼ਬਦਾਂ ਵਿੱਚ ਸ਼ਲਾਘਾ ਕੀਤੀ ਜਾ ਚੁਕੀ ਹੈ। ਕਵੀ ਦੇ ਇੱਸ ਕਾਵਿ ਸੰਗ੍ਰਹ ਨੂੰ ਪੜ੍ਹ ਕੇ ਮੈਨੂੰ ਉਸ ਦੇ ਮਨ ਵਿੱਚ ਝਾਤ ਮਾਰਨ ਦਾ ਮੌਕਾ ਮਿਲਿਆ ਹੈ। ਕਵੀ ਦੀ ਕਵਿਤਾ ਵਿੱਚ ਵਲਵਲਾ ਹੈ, ਅਹਿਸਾਸ ਹੈ, ਚਿਤ ਸ

ਤੇ ਖੁਲ੍ਹਾ ਸ਼ਬਦ ਭੰਡਾਰ ਹੈ ਜਿਸ ਤਰ੍ਹਾਂ ਇਸ ਕਵੀ ਦਾ ਜੀਵਨ ਸਾਦਾ ਹੈ। ਸੁਭਾ ਸਾਦਾ ਹੈ ਉਸੇ ਤਰ੍ਹਾਂ ਇਸ ਨੇ ਕਾਵਿ ਦੀਆਂ ਸਿਖਰਾਂ ਨੂੰ ਵਡੇ ਸਾਦਾ ਸ਼ਬਦਾਂ ਵਿੱਚ ਛੋਹਿਆ ਹੈ।

ਕਵੀ ਦੇ ਦਿੱਲ ਵਿੱਚ ਸਿਖੀ ਲਈ ਤੜਪ ਹੈ। ਦੇਸ਼ ਲਈ ਸਨੇਹ ਹੈ ਤੇ ਸਮਾਜਕ ਉਲਝਣਾਂ ਲਈ ਘਿਰਨਾ ਹੈ ।

ਸੇਵਕ ਜੀ ਦੇ ਇਸ 'ਕਾਵਿ ਸੰਗ੍ਰੀਹ' ਵਿੱਚ ਧਾਰਮਕ, ਰਾਜਨੀਤਕ, ਭਾਈ-ਚਾਰਕ ਤੇ ਸੁਧਾਰਕ ਕਵਿਤਾਵਾਂ ਹਨ । ਇੱਕ ਦੋ ਰਮਾਂਟਕ ਗੀਤ ਵੀ ਹਨ ।

ਸੇਵਕ ਜੀ ਦੀਆਂ ਬਹੁਤੀਆਂ ਕਵਿਤਾਵਾਂ ਪੰਥਕ ਵਲਵਲੇ ਸਿਖੀ ਜਜ਼ਬਾਤ, ਤੇ ਗੁਰੂ ਘਰ ਨਾਲ ਅਮੁਕ ਪ੍ਰੇਮ ਦੇ ਵਲਵਲਿਆਂ ਨਾਲ ਭੁਲ, ਭੁਲ ਪੈਂਦੀਆਂ ਹਨ ।

ਸਿਖੀ ਕਿੰਨੀ ਕਠਨ ਹੈ । ਉਸ ਨੂੰ ਪਾਲਣ ਪੋਸਨ ਲਈ ਪੰਥ ਨੂੰ ਕਿੰਨੀ ਘਾਲਨਾ ਘਾਲਨੀ ਪਈ ਹੈ ਉਸ ਨੂੰ ਕਵੀ ਕਿਨ੍ਹਾਂ ਸੋਹਣੇ ਸ਼ਬਦਾਂ ਵਿੱਚ ਵਰਨਣ ਕਰਦਾ ਹੈ ।

ਤਾਜ ਰਾਜ ਸਾਜ ਵਾਲੀ,
ਬੀਰਤਾ ਦੀ ਪੁੰਜ ਸਚੀ
ਪਲੀ ਤਲਵਾਰਾਂ ਹੇਠ
ਸੋਹਣੀ ਇਹ ਸਿਖੀ ਹੈ

ਅੰਤਲੀਆਂ ਦੋ ਸਤਰਾਂ ਵਿੱਚ ਕਵੀ ਨੇ ਸਾਰੇ ਸਿਖ ਇਤਹਾਸ ਨੂੰ ਪਾਠਕਾਂ ਦੀਆਂ ਅਖਾਂ ਅਗੇ ਲਿਆ ਖੜਾ ਕੀਤਾ ਹੈ । ਇਹ ਕਿਡੀ ਇਤਹਾਸਕ ਸਚਾਈ ਹੈ ਕਿ ਖਾਲਸਾ ਪੰਥ ਤਲਵਾਰਾਂ ਦੀ ਛਾਂ ਹੇਠ ਵਧਿਆ ਤੇ ਫੁਲਿਆ ਹੈ ।

ਸਿਖਾਂ ਦੀਆਂ ਕੁਰਬਾਨੀਆਂ, ਸ਼ਹਾਦਤਾਂ ਤੇ ਵੀਰਤਾਵਾਂ ਦਾ ਇਸ਼ਾਰਾ ਕਰਦੇ ਹੋਏ ਕਵੀ ਲਿਖਦਾ ਹੈ ।

ਤੇਗ ਦੀ ਇਸ ਧਾਰ ਉਤੇ
ਮੰਜ਼ਿਲਾਂ ਮੁਕਾਈਆਂ ਨੇਂ

ਇਸੇ ਤਰ੍ਹਾਂ ਕਲਗੀ ਧਰ ਪਿਤਾ ਦੇ ਅੰਮ੍ਰਿਤ ਦੀ ਸ਼ਕਤੀ ਜਿਸ ਨੇ ਇਸ ਭਾਰਤ ਵਰਸ਼ ਵਿੱਚ ਇਨਕਲਾਬ ਲਿਆਂਦਾ ਹੈ। ਇਸ ਮੁਰਦਾ ਤੇ ਪ੍ਰਾਧੀਨਤਾਂ ਦੀ ਖੱਡ ਵਿੱਚ ਪਈ ਹਿੰਦੂ ਕੌਮ ਨੂੰ ਖਾਲਸਾ ਰੂਪ ਦੇ ਕੇ ਜੀਉਦੀਆਂ ਕੌਮਾਂ ਦੀ ਕਤਾਰ ਵਿਚ ਲਿਆ ਖਲ੍ਹਾਰਿਆ ਹੈ ਉਸ ਦਾ ਜ਼ਿਕਰ ਕਰਦੇ ਹੋਏ ਕਵੀ ਲਿਖਦਾ ਹੈ:–

ਛਾਤੀ ਜ਼ੁਲਮ ਦੀ ਸੜ ਸਵਾਹ ਹੋ ਗਈ,
ਲਾਟਾਂ ਨਿਕਲੀਆਂ ਜਦੋਂ ਤਲ਼ਵਾਰ ਵਿਚੋਂ
ਮੇਰੇ ਸ਼ਹਿਨਸ਼ਾਹ ਸ਼੍ਰੀ ਦਸ਼ਮੇਸ਼ ਜੀ ਨੇ
ਜੀਵਨ ਬਖਸ਼ਿਆ ਖੰਡੇ ਦੀ ਧਾਰ ਵਿਚੋਂ ।

ਇਸੇ ਤਰ੍ਹਾਂ ਸਿਖੀ ਦੇ ਜੀਵਨ–ਉਦੇਸ਼ ਨੂੰ ਪ੍ਰਗਟਾਂਦੇ ਹੋਏ ਕਵੀ ਲਿਖਦਾ ਹੈ ।

ਧਰਮ, ਆਨ ਸਚਾਈ ਦੀ ਰਖਿਆ ਲਈ
ਜੀਵਨ ਬਖਸ਼ਿਆ ਖੰਡੇ ਦੀ ਧਾਰ ਵਿਚੋਂ।

ਕਵੀ ਨੇ ਸਿਖੀ ਇਤਹਾਸ ਨੂੰ ਸੁਹਣੇ ਤੇ ਢੁਕਵੇਂ ਸ਼ਬਦਾ ਵਿੱਚਾਂ ਵਰਨਣ ਕੀਤਾ ਹੈ। ਇਸੇ ਤਰ੍ਹਾਂ ਕਵੀਂ ਨੇ ਦੇਸ਼ ਵਾਸੀਆਂ ਦੇ ਮਨਾਂ ਤੋਂ ਸਿਖਾ ਬਾਰੇ ਪਾਏ ਗਏ ਗ਼ਲਤ ਭੁਲੇਖਿਆਂ ਨੂੰ ਕਢਦੇ ਹੋਏ ਦਸਿਆ ਹੈ ਕਿ ਸਿੱਖ ਦੇਸ਼ ਦੀ ਆਨ ਤੇ ਸ਼ਾਨ ਤੋਂ ਮਰ ਮਿਟਨ ਲਈ ਹਮੇਸ਼ਾ ਤਿਆਰ ਹੈ । ਕਵੀਂ ਵੰਗਾਰ ਕੇ ਕਹਿੰਦਾ ਹੈ:

ਮੈਂ ਪੜ੍ਹਿਆ ਪਾਠ ਰਣਜੀਤ ਤੋਂ ਮੈਨੂੰ ਕੌਣ ਭੁਲਾਵੇ ।
ਮੈਂ ਗਭਰੂ–ਦੇਸ਼–ਪੰਜਾਬ ਦਾ ਮੈਨੂੰ ਕੌਣ ਦਬਾਵੇ ।
ਕਵੀ ਦੇ ਮੱਨ ਵਿੱਚ ਕੌਮੀਂ ਜ਼ਾਦਾਰ ਲਈ ਕਿੰਨੀਂ ਘਿਰਨਾਂ

ਹੈ ਉਸ ਦਾ ਅੰਦਾਜ਼ਾ ਇਸ ਇੱਕ ਬੰਦ ਤੋਂ ਵੰਗੀ ਤਰ੍ਹਾਂ ਲਾਇਆ ਜਾ ਸਕਦਾ ਹੈ।

ਸੇਵਕ ਅਣਖ ਤੇ ਆਨ ਜੇ ਸ਼ਾਨ ਰਖੇਂ
ਘਾਤਕ ਦੇਸ਼ ਦਾ ਕੌਮੀਂ ਗ਼ਦਾਰ ਨ ਬਣ।

ਅੱਜ ਦੁਨੀਆਂ ਦੀਆਂ ਨਜ਼ਰਾਂ ਕਸ਼ਮੀਰ ਤੇ ਟਿਕੀਆਂ ਪਈਆਂ ਹਨ। ਐਂਗਲੋ–ਅਮਰੀਕਨ ਬੁਲਾਕ ਕਸ਼ਮੀਰ ਨੂੰ ਪਾਕਿਸਤਾਨੀਆਂ ਦੇ ਹਵਾਲੇ ਕਰਾਉਣ ਲਈ ਚਾਲਾਂ ਚਲ ਰਿਹਾ ਹੈ। ਭਾਰਤ ਨੇ ਆਪਣੇ ਇਸ ਦੀ ਪਾਕਸਤਾਨੀ ਜਰਵਾਣਿਆਂ ਪਾਸੋਂ ਰਖਿਆ ਕਰਨ ਲਈ ਅਨੇਕਾ ਨੌਜਵਾਨਾਂ ਦੀ ਬਲੀ ਦਿਤੀ ਹੈ ਤੇ ਅੱਜ ਵੀ ਕਸ਼ਮੀਰ ਦੇ ਪਹਾੜਾਂ ਤੇ ਖੜੀਆਂ ਭਾਰਤੀ ਸੈਨਾ ਉਸ ਦੀ ਰਖਿਆ ਦਾ ਸੁਨੇਹਾ ਦੇ ਰਹੀਆਂ ਹਨ। ਕਵੀਂ ਕਸ਼ਮੀਰ ਨੂੰ ਆਪਣੇ ਪ੍ਰਾਣ ਸਮਝਦਾ ਹੋਇਆ ਉਸ ਦੀ ਰਖਿਆ ਲਈ ਹਰ ਕੁਰਬਾਨੀ ਕਰਨ ਲਈ ਤਤਪਰ ਨਜ਼ਰ ਆਉਂਦਾ ਹੈ। ਤੇ ਉਸ ਦੀ ਰਖਿਆ ਦਾ ਨਾਅਰਾ ਮਾਰਦਾ ਹੋਇਆ ਕਹਿੰਦਾ ਹੈ।

ਜੀਵਨ ਜਵਾਨੀ ਦੇਸ਼ ਦੀ,
ਅਮਾਨਤ ਹੈ ਰਖੀ ਸਾਂਭ ਕੇ
ਮੈਂ ਹਾਂ ਕਸ਼ਮੀਰ ਦਾ
ਕਸ਼ਮੀਰ ਮੇਰੀ ਏ।

ਇਸੇ ਤਰ੍ਹਾਂ ਕਵੀ ਦਾ ਖਿਆਲ ਹੈ ਜੇ ਹੁਣ ਜਰਵਾਨਿਆਂ ਨੇ ਕਸ਼ਮੀਰ ਵੱਲ ਤਿਖੀ ਨਜ਼ਰ ਕੀਤੀ। ਤਾਂ ਦੇਸ਼ ਦੇ ਵੀਰਾਂ ਦੇ ਨਾਲ ਦੇਸ਼ ਦੀਆਂ ਸਪੁਤ੍ਰੀਆਂ ਵੀ ਉਸ ਦੀ ਰਖਿਆਂ ਲਈ ਮੈਦਾਨ ਵਿੱਚ ਜੂਟ ਪੈਣ ਗੀਆਂ ਤੇ ਭਾਰਤ ਦੇ ਇਤਹਾਸ ਨੂੰ ਦੁਹਰਾਉਣ ਗੀਆਂ।

ਛੱਡ ਕੇ ਸਜਾਵੱਟ ਪਰਸ ਦੀ
ਖੰਡੇ ਨੂੰ ਹੱਥੀਂ ਸੂਤ ਕੇ
ਮੁਟਿਆਰ ਮੇਰੇ ਦੇਸ਼ ਦੀ,
ਮੁੜ ਛਤਰਾਣੀ ਬਣੇਂ ਗੀ

.....

.....

ਕੁੜੀ ਇੱਕ ੨ ਹਿੰਦ ਦੀ
ਝਾਂਸੀ ਦੀ ਰਾਣੀ ਬਣੇਂ ਗੀ

ਭਾਵੇਂ ਕਵੀ ਦੀ ਕਵਿਤਾ ਤੇ ਧਰਮ ਦਾ ਬਹੁਤਾ ਅਸਰ ਨਜ਼ਰ ਆਉਂਦਾ ਹੈ ਪਰ ਕਿਤੇ ਕਿਤੇ ਉਸ ਦੀਆਂ ਉਸਾਰੂ ਰੁਚੀਆਂ ਪ੍ਰਤਖੱ ਲਿਸ਼ਕਾਂ ਮਾਰਦੀਆਂ ਨਜ਼ਰ ਆ ਰਹੀਆਂ ਹਨ।

ਇਹਨਾਂ; ਸ਼ਬਦਾਂ ਨਾਲ ਮੈਂ ਸੇਵਕ ਜੀ ਦੀ ਇਹ ਪੁਸਪਕ ਪਾਠਕਾਂ ਦੇ ਭੇਟਾ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਪਾਠਕ ਇਹਨਾਂ ਦੀਆਂ ਵਲਵਲਾ ਭਰਪੂਰ ਕਵਿਤਾਵਾਂ ਨੂੰ ਪੜ੍ਹ ਕੇ ਵਡਾ ਰਸ ਮਾਣ ਸਕਣ ਗੇ।

ਪੰਜਾਬੀ ਮਾਤਾ ਦਾ ਤੁਛ ਸੇਵਕ
ਗੁਰਚਰਨ ਸਿੰਘ ਬੀ. ਏ.

ਦਸ਼ਮੇਸ਼ ਨਗਾਰਾ
ਚਾਂਦਨੀ ਚੌਕ
ਦਿਲੀ,
੩੧. ੧੨. ੫੧

ਕੁਝ ਅੱਖਰ. ..

ਮੇਰੇ ਅਜ਼ੀਜ਼ ਮਿਤਰ ਸ਼ਦਾਰ ਕਰਮ ਸਿੰਘ ਜੀ ਸੇਵਕ ਨਿਰੇ-ਕਵੀ, ਹੀ ਨਹੀਂ ਇਹਨਾਂ ਦੇ ਦਿਲ ਵਿਚ ਕੁਝ ਤਰੰਗਾਂ ਵੀ ਨੇ । ਜਿਨਾਂ ਵਿਚ ਬੀਰ ਰਸ–ਸ਼ਿੰਗਾਰ ਰਸ ਤੇ ਦੋਹਾਂ ਤੋਂ ਵਧ ਕੇ ਪੰਥਕ ਪ੍ਰੇਮ ਤੇ ਇਤਹਾਸਕ ਤੜਪ ਮੌਜੂਦ ਹੈ ।

ਮੈਂ ਰੁਝੁਪੁਰਬਾਂ ਦ ਮਨਾਨ ਵਿਚ ਇਹਨਾਂ ਦਾ ਸਾਥੀ ਵੀ ਹਾਂ ਮੈਂ ਇਹਨਾਂ ਦੀਆਂ ਕਵਿਤਾਵਾਂ ਇਹਨਾਂ ਅਵਸਰਾਂ ਤੇ ਸੁਨੀਆਂ ਨੇ ਤੇ ਸੰਗਤਾਂ ਦੇ ਝੁਮਦੇ ਸਿਰ ਤੇ ਉਡੀਕ ਵਾਨ ਅਖਾਂ ਵੇਖੀਆਂ ਨੇ ਇਹ ਠੀਕ ਹੈ ਕਿ ਸੰਗਤਾਂ ਪੜਚੋਲ ਨਹੀਂ ਕਰ ਸਕਦੀਆਂ ਪਰ ਉਹਨਾਂ ਦੇ ਦਿਲ ਦੀ ਸਤਾਰ ਦੇ ਤਾਰ ਜੇ ਜਵਾਬ ਵਿਚ ਹਿਲ ਪੈਣ ਇਹ ਲਕੀਰਾਂ ਇਹਨਾਂ ਦੀ ਢਾਈ ਦਰਜਨ ਕਵਿਤਾਵਾਂ ਦੀ ਕਿਤਾਬ ਦਾ ਨਾਂ ਹੈ ਏਸ ਤੋਂ ਪਹਿਲਾਂ ਵੀ ਨੂਰੀ ਕਣੀਆਂ ਪੁਲੀਆਂ ਖੇਡਾਂ, ਜੀਵਨ ਸੁਪਨੇਂ ਜਿਨਾਂ ਵਿਚ ਸਵਾ ਸੌ ਕਵਿਤਾ ਨੇਂ ਏਥੋਂ ਮਾਲੂਮ ਹੁੰਦਾ ਹੈ ਕਿ ਇਹ ਪੁਰਾਣੇਂ ਲਿਖਾਰੀ ਨੇ ਔਰ ਇਹਨਾਂ ਦੀਆਂ ਕਵਿਤਾ ਸੁਲਝੀਆਂ ਹੋਈਆਂ ਨੇਂ । ਸੇਵਕ ਜੀ ਜਿਥੇ ਕੁਦਰਤ ਦੇ ਪੁਜਾਰੀ ਨੇ ਓਦੇ ਨਾਲ ੨ ਗੁਰੂ ਘਰ ਦੇ ਵੀ ਖਾਸ ਸ਼ਰਧਾਲੂ ਵੀ ਨੇਂ ਇਹ ਦੋਵੇਂ ਮੇਲ ਘੱਟ ਕਵੀਆਂ ਵਿਚ ਹੁੰਦੇ ਨੇਂ ਮੈਨੂੰ ਖੁਸ਼ੀ ਹੈ ਕਿ ਇਹਨਾਂ ਨੇ ਅਨੋਖੀਆਂ ਤੇ ਸਹੀ ਲਕੀਰਾਂ ਕੁਦਰਤ ਤੇ ਇਤਹਾਸ ਵਿਚੋਂ ਤੇ ਹਰ ਰੋਜ਼ ਦੇ ਜੀਵਨ ਵਿਚੋਂ ਕਢੀਆਂ ਨੇ ਕਿਹਾ ਦੰਗਾ ਹੋਵੇ ਜੇ ਹੋਰ ਕਵੀ ਵੀ ਇਹਨਾਂ ਲਕੀਰਾਂ ਤੇ ਚਲ ਕੇ ਪੰਜਾਬੀ ਬੋਲੀ ਦੀ ਕਵਿਤਾ ਨੂੰ ਹੋਰ ਉਜਾਗਰ ਕਰਨ

ਮੈਨੂੰ ਖੁਸ਼ੀ ਹੈ ਕਿ ਸੇਵਕ ਜੀ ਬਾਣੀ ਗੁਰਮਤ ਤੇ ਸਿਖ ਇਤਹਾਸ ਦੇ ਪੂਰੇ ਜਾਣੂੰ ਨੇ ਵਾਹਿਗੁਰੂ ਇਹਨਾਂ ਨੂੰ ਹੋਰ ਤੇ ਵਧੀਕ ਏਸ ਪਾਸੇ ਚਲਾਏ ।

ਕਰੋਲ ਬਾਗ (ਦਿਲੀ)

ਅਮੀਰ ਚੰਦ ਖੰਨਾ

ਲਕੀਰਾਂ

ਪੰਜਾਬੀ ਦੇ ਹੋਣ ਹਾਰ ਨੌਜਵਾਨ ਅਗਾਂਹ ਵਧੂ ਕਵੀ ਸ਼੍ਰ: ਕਰਮ ਸਿੰਘ 'ਸੇਵਕ' ਜੜਾਂ ਵਾਲਾ ਹਾਲ ਕਿਗਜ਼ਵੇ ਦਿਲੀ ਜੀ ਦੀ ਨਵੀਂ ਛਪੀਂ ਕਵਿਤਾਵਾ ਦੀ ਪੁਸਤਕ 'ਲਕੀਰਾਂ' ਹੈ ਜਿਸ ਵਿਚ ਆਪ ਜੀ ਨੇ ਧਾਰਮਕ, ਰਾਜਸੀ ਹਾਸ ਰਸ ਦੇਸ਼ ਭਗਤੀ, ਪੰਥ ਪਿਆਰ ਆਦਿਕ ਤੀਹ ਕੁੰ ਕਵਿਤਾਵਾਂ ਦਰਜ ਹਨ। ਕਵਿਤਾਵਾਂ ਪੜਿਆਂ ਕਿਨਾਂ ਕੁ ਆਨਦੰ ਤੇ ਰਸ ਆਉਦਾਂ ਹੈ ਇਹ ਦਸਨਾਂ ਲੇਖਣੀ ਦੀ ਸ਼ਕਤੀ ਤੋਂ ਬਾਹਰ ਹੈ। ਹਾਂ ਪਾਠਕ ਆਪ ਪੜ ਕੇ ਅੰਦਾਜਾ ਲਗਾ ਸਕਦੇ ਹਨ। ਜਿਵੇਂ 'ਸੇਵਕ' ਪੰਥ ਪਿਆਰ ਵਿਚ ਗੜਗੁੰਨ ਹੋਇਆ ਆਪਾ ਵਾਰਨ ਲਈ ਬੇ-ਤਾਬ ਹੋ ਜਾਂਦਾ ਹੈ। ਤੇ ਲਿਖਦਾ ਹੈ। "ਬਾਹਰ ਬਾਹਰ ਬਾਹਰ ਤੈਥੋਂ ਦਾਤਾ ਇੱ ਮੰਗਨਾ ਹਾਂ ਸਧਰ ਚਿਰੋਕਣੀ ਏਂ ਰਖੀ ਦਿਲ ਧਾਰ ਕੇ। ਲਗ ਜਾਵੇ ਲੇਖੇ ਮੇਰੀ ਹੋ ਜਾਵਾਂ ਸੁਰਖਰੂ ਸੋਹਣੇ ਸਿਖ ਪੰਥ ਲਈ ਜਿੰਦੜੀ ਨੂੰ ਵਾਰ ਕੇ। ਓਵੇਂ ਤਾਂ ਸਿਖ ਕੌਮ ਦੀ ਬਾਹਦਰੀ, ਬੀਰਤਾਂ ਦੁਆਂ ਗਵਾਹੀਆਂ ਜਰਮਨਾਂ ਤੇ ਇਗਲੈਂਡ ਕਾਬਲ ਤੇ ਕੰਧਾਰ ਦੀਆਂ ਧਰਤੀਆਂ ਵੀ ਦੇ ਹੀਆ ਹਨ। ਪਰ ਕਵੀ 'ਸੇਵਕ' ਵੀ ਆਪਣੇ ਸਿਖੀ ਜ਼ਜਬੇ ਨੂੰ ਦਬਾ ਕੇ ਨਹੀਂ ਰਖ ਸਕਿਆ ਤੇ ਪਾਕਿਸਤਾਨ ਵਿਚ ਰਹਿ ਗਏ ਧਰਮ ਅਸਥਾਨਾਂ ਨੂੰ ਮੋੜ ਲੈਣ ਲਈ ਬਿਹਬਲ ਹੋ ਹੋ ਕੇ ਆਖਦਾ ਹੈ:—

"ਅਸੀਂ ਪੰਜੇ ਠਨਕਾਣੇ ਨੂੰ ਲੈਣ ਦੇ ਲਈ ਸਧਰ ਵਾਂਗਰਾਂ ਪੋਸ਼ ਵਿਛਾ ਦਿਆਂ ਗੇ। 'ਸੇਵਕ' ਸੀਸ ਨੂੰ ਰਖ ਕੇ ਤਲੀ ਉਤੇ, ਖਾਤਰ ਪੰਥ ਦੀ ਜਾਨ ਲੜ ਦਿਆਂ ਗੇ"। ਦੇਸ਼ ਪਿਆਰ ਵਿਚ ਗੜਗੁੰਦ ਹੋ ਕੇ ਸਰਸ਼ਾਰ ਹੋ ਕੇ ਕਵੀ ਆਪਣੇ ਵਲਵਲਿਆਂ ਨੂੰ ਹੇਠ ਲਿਖੀਆਂ ਲਾਈਨਾਂ ਵਿਚ ਪ੍ਰਗਟ ਕਰਨ ਲਈ ਖੀਵਾ ਹੋ ਉਠਿਆ ਹੈ:—

"ਮੇਰਾ ਇਹੋ ਗੋਕਲ ਮਥਰਾ, ਇਹ ਪਾਕ ਮਦੀਨਾਂ। ਮੇਰਾ ਇਹੋ ਲਾਲ ਜਵਾਹਰ ਹੈ ਪੁਖਰਾਜ ਨਗੀਨਾਂ। ਮੇਰੀ ਸਧਰ ਦਿਲੀ ਚਿਰੋਕਨੀ ਜੋ ਸਾਂਭੇ ਸੀਨਾਂ। ਮੈਂ ਧਰਤੀ ਇਹ ਨਹੀਂ ਛਡਨੀ, ਹੋ ਜਾ 'ਵਰੀਨਾਂ"

ਮੈ ਬੈਠਾ ਵਿਚ ਬੈਕੁਠੰ ਦੇ ਕੋਈ ਕਵਣਾਂ ਚਾਹਵੇ।
ਉਹ 'ਸੇਵਕ' ਮਾਂ ਨਹੀਂ ਜੰਮਿਆ, ਜੋਆਨ ਦਬਾਵੇ।

ਵਰਤਮਾਨ ਸਮੇਂ ਵਿਚ ਆਪਣੇ ਆਪ ਨੂੰ ਕਸ਼ਮੀਰ ਤੋਂ ਵਾਰਨ ਲਈ ਬੇ-ਤਾਬ ਹੋ ਉਠਦਾ ਹੈ। "ਜ਼ਿਦਗੀ"ਨੂੰ ਹਸਕੇ, ਕਸ਼ਮੀਰ ਉਤੋਂ ਵਾਰਨੈ ਮੈਂ ਕਸ਼ਮੀਰ ਦਾ, ਕਸ਼ਮੀਰ ਮੇਰੀ ਏ" ਫੇਰ ਅਪਣਾ ਆਪ ਵੀ ਪ੍ਰਗਟਾਉਂਦਾ ਹੈ:-

ਸ਼ਾਇਰ ਵਤਨ ਦਾ ਹਾਂ
ਜ਼ਿੰਦੰਗੀ ਦੇਸ਼ ਦੀ ਏ
ਲਿਖੀ ਹੋਈ ਕਲੱਮ ਦੀ
ਤਹਿਰੀਰ ਮੇਰੀ ਏ ।

ਤੇ ਕਸ਼ਮੀਰ ਤੇ ਆਪਣਾ ਪੂਰਾ ਹਕ ਦਸਦਾ ਹੋਇਆਂ ਲਿਖਦਾ ਹੈ:-

ਜੀਵਨ ਜਵਾਨੀ ਦੇਸ਼ ਦੀ
ਅਮਾਨਤ ਹੈ ਰਖੀ ਸਾਂਭ ਕੇ
ਮੈਂ ਹਾਂ ਕਸ਼ਮੀਰ ਦਾ
ਕਸ਼ਮੀਰ ਮੇਰੀ ਏ ।

ਅੰਤ ਵਿਚ ਮੈਂ ਪੰਜਾਬੀ ਪਿਆਰੇ, ਦੇਸ਼ ਹਿਤੈਸ਼ੀ ਪੰਥ ਦਰਦੀ ਤੇ ਕੌਮੀਂ ਵੀਰ ਤੇ ਭੈਣਾਂ ਪਾਸ ਪੁਰਜ਼ੋਰ ਅਪੀਲ ਕਰਦਾ ਹਾਂ ਕਿਓਂ ਕਿ ਪ੍ਰੇਮ ਦੀਆਂ 'ਲਕੀਰਾਂ' ਜ਼ਰੂਰ ਪੜੋ ਤੇ ਅਵਸ਼ ਪੜੋ। ਕਿਉ ਕਿ 'ਸੇਵਕ' ਦੀਆਂ ਇਹੋ ਪੰਜਾਬੀ ਕਵਿਤਾ ਦੀ ਪੂਰਨਤਾ ਦੀ ਸਿਖਰ ਚੋਟੀ ਚਿਰਾਂ ਬਾਦ ਪਗਡੰਡੀ ਤੇ ਫੇਰ ਬੜਾ ਭਾਰੀ ਸੁੰਦਰ ਸਾਫ ਰਾਹ ਸਾਬਤ ਹੋਣ ਗੀਆਂ

ਹਰਨਾਮ ਸਿੰਘ "ਖੰਜਰ"
ਮੈਨੇਜਰ

ਗੁਰਦਵਾਰਾ ਪ੍ਰਬੰਧਕ ਕਮੇਟੀ
ਸੂਬਾ ਦਿਲੀ

"ਸੇਵਕ" ਕੌ.....

ਤਾਰੀਖ ਤੇ ਸੰਨ ਦਾ ਤੇ ਕੁਝ ਚੇਤਾ ਨਹੀਂ ਪਰ ਹਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿਤ੍ਰ ਜਨਮ ਦਿਨ ਸੀ ਤੇ ਧਰਤੀ ਉਹ ਜਿਦੇ ਇਕ ਇਕ ਜ਼ੱਰੇ ਨੇ ਕਲਜੁਗੀ ਲੋਕਾਂ ਨੂੰ ਧਾਰਿਮਕ ਤੇ ਰੂਹਾਨੀ ਸਾਹਿਤ ਨਾਲ ਮੁਨਵੱਰ ਕੀਤਾ। ਜਿਸ ਦੇ ਪਵਿਤ੍ਰ ਅਸਥਾਨਾਂ ਦੀ ਇਕ ਇਕ ਇਟ ਨੂੰ ਦੋ ਸੌ ਤੋਂ ਵਧ ਸਿੰਘਾਂ ਦੇ ਸ਼ਹੀਦੀ ਖੂਨ ਨੇ ਰੰਗਿਆ ਨਨਕਾਣਾ ਸਾਹਿਬ ਤੇ ਉਥੇ ਹੀ ਪਹਿਲੀ ਵਾਰ 'ਸੇਵਕ' ਜੀ ਨਾਲ ਮੁਲਾਕਾਤ ਹੋਈ,

ਪੰਜਾਬੀ ਕਵੀ ਦਰਬਾਰਾਂ ਤੇ ਦਿਨੋ ਦਿਨ ਉਭਾਰ ਆ ਰਿਹਾ ਸੀ ਉਸਤਾਦ ਤੀਰ ਜੀ, ਹਮਦਮ ਜੀ, ਸ਼ਰਫ ਜੀ ਇਤ-ਆਦਿਕ ਕਵੀ ਅਪਣੀ ਬਹਾਰ ਮਾਣ ਰਹੇ ਸਨ ਤੇ ਉਹਨੀ ਦਿਨੀ ਕਵਿਤਾ ਸਾਹਿਤ ਦੇ ਬਾਗ਼ੀਚੇ ਵਿਚ ਬ: ਮੋਹਣ ਸਿੰਘ ਜੀ ਮਾਹਿਰ ਨੰਦ ਲਾਲ ਜੀ ਨੂਰਪੁਰੀ, ਸੁੰਦਰ ਦਾਸ ਜੀ ਆਸੀ ਤੇ ਮੈਂ ਸਿਰ ਕਢ ਲਿਆ ਸੀ ਨਾਲ ਹੀ ਸੁੰਦਰ ਸਿੰਘ ਸਰਗੋਧੇ ਨਵਾਸੀ, ਗੁਰਦਿਤ ਸਿੰਘ ਜੀ 'ਕੁੰਦਨ' ਜਸਵੰਤ ਸਿੰਘ ਜੀ ਫਾਨੀ ਤੇ ਗੁਰਦੇਵ ਸਿੰਘ ਜੀ 'ਮਾਨ' ਸਾਹਿਤਕ ਕਿਆਰੀਆਂ ਵਿਚ ਅਪਣੀ ਅਪਣੀ ਥਾਂ ਮਲ ਲਈ ਸੀ ਸੁੰਦਰ ਜੀ ਪਹਿਲੇਂ ਤੇ ਫਿਰ ਫਾਨੀ ਜੀ ਅਪਣੀ ਸੁਗੰਧੀ ਖਿਲਾਰਦੇ ਹੋਏ ਮੌਤ ਖਿਜ਼ਾਂ ਦੇ ਪੰਜੇ ਵਿਚ ਮਰੋੜੇ ਗਏ ਤੇ ਉਸੇ ਮੌਸਮ ਵਿਚ ਹੀ ਇਹਨਾਂ ਬੂਟਿਆਂ ਦੇ ਨਾਲ ਹੀ "ਸੇਵਕ" ਜੀ ਨੇ ਪੰਜਾਬੀ ਭੰਵਰਿਆਂ ਨੂੰ ਅਪਣੇ ਵਤ ਖਿਚ ਲਿਆ।

ਜੇ ਕਿਸੇ ਪੰਜਾਬੀ ਕਵਿਤਾ ਦਾ ਇਤਹਾਸ ਲਿਖਣ ਵਾਲੇ ਪ੍ਰਾਂਤਿਕ ਸਾੜ ਤੋਂ ਲਾਂਬੇ ਹੋ ਕੇ ਇਤਹਾਸ ਲਿਖਿਆ ਤੇ ਓਹ ਲਾਇਲਪੁਰ ਦੀ ਧਰਤੀ ਨੂੰ ਕਦੇ ਵੀ ਅੱਖੋਂ ਰੜਕੇ ਨਹੀ ਕਰੇਗਾ ਤੇ ਲਿਖੇਗ।

ਜਿਥੇ ਸਾਂਦਿਲ ਬਾਰੋਂ ਦੀ ਧਰਤੀ ਅੰਨ ਉਗਾਊ ਤੇ ਇਸ਼ਕ ਉਪਜਾਊ ਹੈ ਓਥੇ ਸਚ-ਮੁਚ ਪੰਜਾਬੀ ਕਵੀ ਦਰਬਾਰ ਦੀ ਸਿੰਗਾਰ ਲਈ ਵੀ ਅਪਣੀ ਕੁਖੋਂ ਸਮੇ ਉਤੇ ਛਾ ਜਾਣ ਵਾਲੇ ਅਲਮੇਲ ਕਵੀਆਂ ਨੂੰ ਵੀ ਜਨਮ ਦਿਤਾ ਹੈ ਤੇ 'ਸੇਵਕ' ਜੀ ਕਵੀ ਉਸੇ ਹੀ ਧਰਤੀ ਤੇ ਜਨਮ ਲਿਆ ਜੜਾਂਵਾਲੇ

ਸੇਵਕ ਜੀ ਨੇ ਜਿਸ ਤੇਜ਼ੀ ਨਾਲ ਕਵਿਤਾ ਸੋਧਨ ਵਿਚ ਜਗ੍ਹਾ, ਹਾਸਲ ਕੀਤੀ, ਉਸ ਤੋਂ ਕਈ ਹਿਸੇ ਵੱਧ ਪੰਜਾਬੀ ਕਵਿਤਾ ਤੇ ਕਿਤਾਬੀ ਮੁਲਕ ਵਿਚ ਪੇਸ਼ ਕਰਨ ਲਈ ਉਤਸ਼ਾਹ ਦਿਖਲਾਇਆ

ਇਹ ਰਚਨਾਂ ਆਪ ਜੀ ਦੀ ਚੌਥੀ ਹੈ-ਇਸ ਤੋਂ ਪਹਿਲਾਂ ਆਪ ਨੂਰੀ ਕਣੀਆਂ, ਖੁਲੀਆਂ ਖੇਡਾਂ, ਜੀਵਨ ਸੁਪਨੇਂ ਆਦਿਕ ਪੰਜਾਬੀ ਸਾਹਿਤ ਨੂੰ ਦੇ ਚੁਕੇ ਹਨ-ਮੈਂ ਇਸ ਕਿਤਾਬ ਤੇ ਇਹਨਾਂ ਨੂੰ ਦਿਲੋਂ ਵਜੋਂ ਵਧਾਈ ਪੇਸ਼ ਕਰਦਾ ਹਾਂ ਹੈਰਾਨ ਹਾਂ ਕਿ ਇਸ ਮੰਹਿਗਾਈ ਦੇ ਸਮੇ ਵਿਚ ਜਦ ਕਿ ਰੋਈ ਵੀ ਖਾਣੀ ਮੁਸ਼ੱਕਲ ਜਾਪਦੀ ਹੈ ਇਹਨਾਂ ਨੇ ਕਾਮਯਾਬ ਉਪਰਾਲਾ ਕੀਤਾ ਹੈ-ਇਹ ਸਚ-ਮੁਚ ਹੀ ਪੰਜਾਬੀ ਨਹੀ ਇਹਦੀ ਸੇਵਾ ਇਸ ਪਵਿਤ੍ਰ ਵਾਕ ਨੂੰ ਸਾਹਮਣੇ ਰਖ ਕੇ ਕਰ ਰਹੇ ਹਨ।

"ਸੇਵਕ ਕੋ ਸੇਵਾ ਬਣ ਆਈ"

ਤੇਜਾ ਸਿੰਘ "ਸਾਬਰ"

ਪਹਾੜ ਗੰਜ

ਨਵੀਂ ਦਿਲੀ

੩੧. ੧੨. ੫੧

ਪੰਜਾਬੀ ਦੇ ਪ੍ਰਸਿਧ ਕਵੀਆਂ ਵਲੋਂ:—

ਦੇਸ਼ ਤੇ ਕੌਮ ਦੇ ਅਨਥੱਕ ਕਵੀ 'ਸੇਵਕ' ਜੀ ਨੇ ਦੇਸ਼ ਦੇ ਪੁਰਾਣੇ ਤੇ ਸੁਨਹਿਰੀ ਇਤਹਾਸ ਨੂੰ ਆਪਣੇਂ ਨਵੇਂ ਰੰਗ ਵਿਚ ਦਿਮਾਗ਼ੀ "ਲਕੀਰਾਂ" ਦੇ ਰੂਪ ਵਿਚ ਜਨੱਤਾ ਦੇ ਅਗੇ ਪੇਸ਼ ਕੀਤਾ ਹੈ।

ਕਈਆਂ ਕਵਿਤਾਵਾਂ ਵਿਚ ਤੇ 'ਲਕੀਰਾਂ' ਸਚ-ਮੁਚ ਸ਼ਹੀਦਾਂ ਦੇ ਲਹੂ ਦੀਆਂ ਲਕੀਰਾਂ ਬਣ ਕੇ ਝਲਕ ਮਾਰਦੀਆਂ ਨੇ ਕਿਤੇ ਕਿਤੇ ਤੇ ਜਜ਼ਬਿਆਂ ਦੀ ਤੇਜ਼ ਧਾਰ ਵਡੇ ਤੋਂ ਵਡੇ ਸੰਗ ਦਿਲ ਦਿਲ ਤੇ ਲਕੀਰਾਂ ਖਿਚਨੋਂ ਪਿਛੇ ਨਹੰ ਰਹੀ।

ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਵੋਲੀ ਦੇ ਪੁਜਾਰੀ ਏਸ ਨੌ ਜਵਾਨ ਕਵੀ ਦੀ ਚੌਣਵੀਂ ਰਚਨਾਂ ਦਾ ਦਿਲੋਂ ਸਤਿਕਾਰ ਕਰਨ ਗੇ।

ਪਹਾੜ ਗੰਜ ਨਵੀਂ ਦਿਲੀ — "ਬਦਕਤ" ਪੰਜਾਬੀ

ਮੈਂ ਆਪਣੇ ਵੀਰ ਭ: ਕਰਮ ਸਿੰਘ ਜੀ 'ਸੇਵਕ' ਦੀਆਂ ਪੈਹਲੀਆਂ ਛਪੀਆਂ ਪੁਸਤਕਾਂ ਭੀ ਅਤੇ ਇਹ ਛਪ ਚੁਕੀ ਪੁਸਤਕ "ਲਕੀਰਾਂ" ਵੀ ਪੜੀ ਹੈ ਜਿਸ ਵਿਚ 'ਸੇਵਕ' ਜੀ ਨੇ ਇਤਹਾਸੱਕ ਅਤੇ ਗੁਰਮੱਤ ਵੱਲ ਵਿਸ਼ੇਸ਼ ਕਰਕੇ ਰੁਖ ਰਖਿਆ ਹੈ।

ਅਜ ਕੱਲ ਦੇ ਨੌਂ ਜਵਾਨ ਪਛੱਮੀ ਹਵਾ ਦੇ ਰੁਖ ਨਾਲ ਕਾਫੀ ਆਪਣੇਂ ਇਖਲਾਕ ਅਤੇ ਮਜ਼ਹਬੱ ਤੋਂ ਫਿਰ ਚੁਕੇ ਹਨ, ਪਰ ਸੇਵਕ ਜੀ ਦੀਆਂ ਇਹਨਾਂ ਵਾਹੀਆਂ 'ਲਕੀਰਾਂ' ਵਿਚ ਆਪ ਨੂੰ ਪੁਰਾਤਨ ਕਾਰਨਾਮਿਆਂ ਦੀਆਂ ਤਸਵੀਰਾਂ ਨਜ਼ਰ ਔਣ ਗੀਆਂ।

ਜਿਸ ਨਾਲ ਸਾਡੇ ਦੇਸ਼ ਅਤੇ ਕੌਮ ਦੇ ਦੋਣ ਹਾਰ ਨੌ ਜਵਾਂਨ ਅਗਾਂਹ ਵਧੂ ਖਿਆਲ ਲੈ ਕੇ ਉਨਤੱ ਹੋਣ ਗੇ।

ਮੈਨੂੰ ਪੂਰਨ ਆਸ ਹੈ ਇਹ ਪੁਸਤਕੱ ਪੰਜਾਬੀ ਸਾਹਿਤ ਪੁਸਤਕਾਂ ਵਿਚ ਖਾਸ ਸਤਕਾਰੀ ਜਾਵੀ ਗੇ ਅਤੇ ਕਵੀ ਸੱਜਣਾਂ ਲਈ ਰਸ ਦਾਇਕ ਸਾਬਤ ਹੋਵੇ ਗੀ।

ਅਰਜਨ ਨਗਰ ਨਵੀਂ ਦਿਲੀ — ਮਖਣ ਸਿੰਘ "ਮੁਸ਼ਤਾਕ"

ਆਪਣੇਂ ਵਲੋਂ:—

ਅਜ ਸਾਰੇ ਹਿੰਦੁਸਤਾਨ ਵਿਚ ਅਨੇਕਾਂ ਸੰਸਥਾਵਾਂ ਆਪੋ ਆਪਣੇਂ ਢੋਲ ਢਮਕੇ ਕੁਟ ਕੇ ਦੁਨੀਆਂ ਦੀਆਂ ਚੀਜ਼ਾਂ ਆਪਣੇ ਵਲ ਖਿਚਨ ਨੂੰ ਅਨੇਕਾਂ ਯਤਨ ਕਰ ਰਹੀਆਂ ਹਨ

ਸਾਹਿਤਕ ਰੁਚੀਆਂ ਵਾਲੇ ਮਨੁਖ ਅਪਣੀਆਂ ਲਿਪੀਆਂ ਦੇ ਵਿਕਾਸ ਦਾ ਵਿਸਥਾਰ ਚੌੜਾ ਕਰਨ ਵਿਚ ਵਡੇਰੇ ਕਾਰਨਾਮੇ ਕਰ ਰਹੇ ਨੇਂ ਤੇ ਕਈ ਸਿਆਸੀ ਪਾਰਟੀਆਂ ਹਿੰਦੁਸਤਾਨ ਦੀ ਜਨਤਾ ਵਿਚ ਜਾਗਰਤ ਪੈਦਾ ਕਰਨ ਲਈ ਉਦਮ ਦੇ ਕੇ ਨਿਘਰੀ ਰਾਜਨੀਤਕ ਸਿਆਸਤ ਨੂੰ ਉਭਾਰਨ ਵਿਚ ਅਪਣੇਂ ਅਸੂਲਾਂ ਦਾ ਪਰਚਾਰ ਕਰ ਰਹੀਆਂ ਹਨ

ਪੰਜਾਬ ਦੀ ਰਾਜਨੀਤਕ ਅਵਸਥਾ ਦਾ ਹਾਲ ਚੇਖਾ ਤਰਸ ਯੋਗ ਹੈ। ਜਿਥੋਂ ਦੇ ਵੀਰਾਂ ਨੇ ਆਪਣੇਂ ਵੀਰਾਂ ਤੇ ਚਿਕੜ ਸੁਟ ਕੇ ਉਹਨਾਂ ਨੂੰ ਲਥੇੜਿਆ ਹੀ ਨਹੀਂ ਬਲਕਿ ਦੁਨੀਆਂ ਨੂੰ ਅਪਣੀਂ ਸੂਝ ਵਲੋਂ ਮੋੜ ਲਿਆ ਹੈ ।

ਮੇਰਾ ਮਤਲੱਬ ਇਹਨਾਂ ਉਲਝਨਾਂ ਨੂੰ ਸੁਲਝੋਂਨ ਲਈ ਇਹੋ ਹੈ ਕਿ ਸਾਰੇ ਪੰਜਾਬੀ ਵੀਰ ਰਲ ਕੇ ਅਪਣੀਂ ਮਾਤ ਬੋਲੀ ਪੰਜਾਬੀ ਨੂੰ ਸਤਿਕਾਰ ਕਰਨ ਤੇ ਪੰਜਾਬੀ ਹੋਨ ਦੇ ਨਾਤੇ ਸ਼ਲਾਘਾ ਪ੍ਰਾਪਤ ਕਰ ਤਾਂ ਅਪਣੀਂ ਸਿਆਨਪ ਦਾ ਬੋਲਬਾਲਾ ਕਰ ਸਕਦੇ ਨੇ

ਮੈਂ ਉਹਨਾਂ ਸਜਨਾਂ ਦਾ ਅੰਤ ਧੰਨਵਾਦੀ ਹਾਂ ਜਿਨਾਂ ਨੇ ਮੇਰੀਆਂ ਪਹਿਲੀਆਂ ਲਿਖੀਆਂ ਕਿਤਾਬਾਂ ਨੂੰ ਪੜ੍ਹ ਕੇ ਮੈਨੂੰ ਹੋਰ ਲਿਖਣ ਲਈ ਪ੍ਰੇਰਿਆ ਹੈ ।

ਸੇਵਕ ਸਾਹਿਤ ਭਵਨ
ਕਿੰਗਜ਼ਵੇ ਦਿਲੀ

ਪੰਜਾਬੀ ਦਾ 'ਸੇਵਕ'
ਕਰਮ ਸਿੰਘ ਸੇਵਕ

੧-੧-੫੨

ਲਭਨ	ਲਈ
ਵਾਰ ਕੇ	ਸਤਾਰਾਂ
ਪਟਨੇਂ ਵਿਚ ਅਵਤਾਰ	ਬਾਈ
ਸਿਖਾਂ ਦੀ ਆਵਾਂਜ਼	ਸਤਾਈ
ਸਜੱਨ	ਬਤੀ
ਸਿਖੀ	ਤੇਤੀ
ਕੁਰਬਾਨੀ	ਤਰਤਾਲੀ
ਅਮੰਰਤ ਦੀ ਸ਼ਕਤੀ	ਛੇਤਾਲੀ
ਪੰਜਾਬ ਦਾ ਸ਼ੇਰ	ਪੰਜਾਹ
ਅਟਾਰੀ ਨੂੰ ਚਿਠੀ	ਤਰਵੰਜਾ
ਸਿਖ–ਸਿਪਾਹੀ	ਸਤਵੰਜਾ
ਭਿਖਾਰੀ	ਇਕਾਠ
ਸਿੱਖ ਦੇ ਜਜ਼ਬਾਤ	ਪੈਂਠ
ਪੰਜਾਬੀ ਬੋਲੀ	ਅਠਾਨ
ਰਾਵੀ ਤੇ ਦੰਨ	ਬਹੱਤ੍ਰ
ਆਜ਼ਾਦੀ ਦਾ ਸੰਦੇਸ਼	ਚੋਰੱਤ੍ਰ
ਗਰੀਬੀ ਤੇ ਹੁਸਨ	ਸਤਤ੍ਰ
ਜ਼ਾਦਾਰ ਨਾ ਬਣ	ਇਕਾਸੀ
ਦਾਤੇ ਦੇ ਦਰ ਤੇ	ਬਿਆਸੀ
ਗੰਗਾ ਨੂੰ ਸੋਂਪਣੀ'	ਤਰਿਆਸੀ
ਕਸ਼ਮੀਰ	ਪੰਜਾਸੀ
ਪੀਆ ਦੀ ਸਿਕ	ਉਨਾਨਵੇਂ
ਵਿਯੋਗਨ ਦੇ ਵਲਵਲੇ	ਬਾਂਨਵੇਂ
ਰੀਝ	ਪਚਾਨਵੇਂ
ਬਿਰੁਨ	ਛਿਆਨਵੇਂ
ਲਕੀਰਾਂ	ਇਕਸੌਬਾਰਾ



ਵਾਰ ਵਾਰ ਵਾਰ ਦੇਵਾਂ ਜਿੰਦੜੀ ਹਜ਼ਾਰ ਵਾਰ
ਕਲਗੀ ਵਾਲੇ ਗੁਰੂ ਤੇਰੇ ਗੁਨਾਂ ਨੂੰ ਚਿਤਾਰ ਕੇ।
ਹਾਰ ਹਾਰ ਹਾਰ ਆਇਆਂ ਹਾਰ ਕੇ ਦੁਵਾਰ ਤੇਰੇ,
ਹਨੂੰ ਹਰੂੰ ਹਰ ਥਾਵੇਂ ਕਰ ਥਕਾਂ ਹਾਰ ਕੇ।
ਤਾਰ ਤਾਰ ਤਾਰ ਮੈਨੂੰ ਤਾਰ ਕਿਰਪਾ ਸਾਗਰਾ,
ਏਸ ਪਾਪ ਨਦੀ ਵਿਚੋਂ ਪਾਰ ਕਰ ਤਾਰ ਕੇ।
ਮਾਰ ਮਾਰ ਮਾਰ ਮੇਰਾ ਮਾਇਆ ਵਾਲਾ ਮੋਹ ਸਾਰਾ,
ਆਪਣੀਂ ਏ ਮਿਹਰ ਵਿਚੋਂ ਮਿਹਰ ਛੱਟਾ ਮਾਰ ਕੇ।

ਬਾਰ ਬਾਰ ਬਾਰ ਤੈਂਥੋਂ ਦਾਤਾ ਇਹੋ ਮੰਗਨਾਂ ਹਾਂ,
ਸੱਧਰ ਚਿਰੋਕਨੀ ਏਂ ਰਖੀ ਦਿਲ ਧਾਰ ਕੇ।
ਲਗ ਜਾਵੇ ਲੇਖੇ ਮੇਰੀ ਹੋ ਜਾਵਾਂ ਸੁਰਖਰੂ,
ਸੋਹਣੇਂ ਸਿਖ ਪੰਥ ਲਈ ਜਿੰਦੜੀ ਨੂੰ ਵਾਰ ਕੇ।

ਤੇਰੀ ਕਰਾਮਾਤ ਦਾਤਾ ਕੌਤਕ ਵਿਖਾਏ ਜਿਹੜੇ,
ਜੁਗਾਂ ਤੀਕ ਕਿਸੇ ਕੋਲੋਂ ਜਾਂਦੇ ਨਾ ਵਿਸਾਰੇ ਨੇ।
ਤੇਰੀ ਚਰਨ ਧੂੜ ਜਿਨੇ ਮਥੇ ਉਤੇ ਆਨ ਲਾਈ,
ਅਰਸ਼ਾਂ ਉਤੇ ਚਮਕਦੇ ਉਹ ਬਨ ਕੇ ਸਿਤਾਰੇ ਨੇ।
ਸਵਾ ਸਵਾ ਲਖ ਨਾਲ ਕਲੇ ਨੂੰ ਲੜਾ ਲੈਨਾਂ,
ਤੇਰੇ ਰੰਗ ਰਤੜੇ ਇਹ ਚੋਜ ਈ ਨਿਆਰੇ ਨੇ।
ਅਕਾਸ਼ ਉਤੇ ਤਾਰੇ ਜਿਹੜੇ ਗਿਨੇ ਜਾਨ ਗਿਨੇ ਕੋਈ,
ਗਿਨੇ ਨਾ ਜਾਨ ਪਾਪੀ ਆਪ ਨੇ ਜੋ ਤਾਰੇ ਨੇ।

ਅਖਾਂ ਅਗੇ ਪੁਤਰਾਂ ਨੂੰ ਮੌਤ ਵਾਲੀ ਘੋੜੀ ਚਾੜ੍ਹ,
ਤੁੰਈਓਂ ਦਾੜਾ ਘਲਿਆ ਸੀ ਜੰਗ ਨੂੰ ਸ਼ਿੰਗਾਰ ਕੇ।
ਤੇਰੀਆਂ ਕੁਰਬਾਨੀਆਂ ਕੀਤੀ ਏ ਮਿਸਾਲ ਕਾਇਮ
ਸਣੇਂ ਸਿੰਘ ਪੁਤਰਾਂ ਦੇ ਮਾਤਾ ਪਿਤਾ ਵਾਰ ਕੇ।

'ਨੰਦ ਲਾਲ' ਸੈਦ ਖਾਨ' 'ਬੁਧੂ ਸ਼ਾਹ' 'ਭੀਖਮ' ਜਿਹੇ,
ਚਰਨੀ ਲਗੇ ਆਨ ਸੀ ਪਿਆਰ ਤੇਰਾ ਵੇਖ ਕੇ।
ਪਥਰ ਦਿਲ ਓਸ ਵੇਲੇ ਹੌਂਸਲਾ ਨੇ ਹਾਰ ਲੈਂਦੇ,
ਆਹੂ ਲਾਉਂਦਾ ਵੈਰੀਆਂ 'ਜੁਝਾਰ' ਤੇਰਾ ਵੇਖਕੇ।
ਪਲਾਂ ਵਿਚ ਦਲਾਂ ਤਾਈਂ ਦਲੀ ਜਾਵੇ ਦਲੋ ਦਲ,
ਵੈਰੀਆਂ ਦਾ ਵਹੀ ਜੋ ਵਿਹਾਰ ਤੇਰਾ ਵੇਖ ਕੇ।
ਤੀਰਾਂ ਤਾਈਂ ਸੋਨਿਆਂ ਦੇ ਦਾਨ ਦੇਵੇਂ ਦਾਤਿਆ,
ਕਮਾਲ ਏ ਖਿਆਲ ਏ ਮਿਆਰ ਤੇਰਾ ਵੇਖ ਕੇ।

ਡਿਗੇ ਹੋਏ ਦੇਸ਼ ਤਾਈਂ ਦੁਕ ਛਾਤੀ ਨਾਲ ਲਾਇ
ਡਾਹਢਾ ਖੁਸ਼ ਹੋਂਵਦਾ ਸੈਂ ਦੁਖੜੇ ਨਿਵਾਰ
ਕਰਨੀ ਦਿਆ ਸੂਰਿਆ ਤੇ ਬਾਣੀ ਦਿਆ ਪੂਰਿਆ
ਜ਼ੱਰਾ ਵੀ ਨਾ ਝੁਰਿਆ ਸੈਂ ਬਚਿਆਂ ਨੂੰ ਵਾਰ

ਤੇਰੀਆਂ ਜੋ ਕਰਨੀਆਂ ਕਿਦੇ ਕੋਲੋਂ ਸਰਨੀਆਂ,
ਧਰਨੀਆਂ ਨਿਵਰਨੀਆਂ ਕਰਨੀਆਂ ਬਿਆਨ ਨੇ।
ਕਠੇ ਕਰ ਵੀਰ ਵੀਰ ਵੈਰੀਆਂ ਨੂੰ ਚੀਰ ਚੀਰ,
ਯੋਧੇ ਤੇਰੇ ਬੀਰ ਬੀਰ ਸ਼ਕਤੀ ਮਹਾਨ ਨੇ।
ਹਥਾਂ ਨਾਲ ਹਾੜ ਹਾੜ ਜ਼ਾਲਮਾਂ ਦੇ ਸੀਨੇ ਪਾੜ,
ਤੋੜ ਘਲੇ ਕਾੜ ਕਾੜ ਤੇਰੀ ਕ੍ਰਿਪਾਨ ਨੇ।
ਜਾਨਦਾ ਜਹਾਨ ਇਹ ਤੇਰਾ ਫੁਰਮਾਨ ਇਹ,
ਝੁਲਦੇ ਨਿਸ਼ਾਨ ਇਹ ਤੇਰੀ ਸਿਖੀ ਸ਼ਾਨ ਨੇ।

ਤੇਰੀਆਂ ਜੋ ਕੀਤੀਆਂ, ਪਾਈਆਂ ਨੇ ਪ੍ਰੀਤੀਆਂ,
ਦਿਲ ਵਿਚ ਬੀਤੀਆਂ ਨੂੰ ਰਖਿਆ ਏ ਧਾਰ ਕੇ।
ਵਾਹ ਚੋਜੀ ਦਾਤਿਆ, ਨਿਆਰੇ ਤੇਰੇ ਚੋਜ ਨੇ,
ਖੁਸ਼ੀਆਂ ਮਨਾਈ ਜਾਵੇ ਸਭ ਕੁਛ ਵਾਰ ਕੇ।

ਤੇਰੇ ਹੈ ਭੰਡਾਰੇ ਵਿਚੋਂ ਅੰਮ੍ਰਿਤ ਜਿਨੇਂ ਪੀ ਲਿਆ,
ਸਵਾ ਲਖ ਉਤੇ ਕਲ੍ਹਾ ਭਾਰੂ ਬਣ ਜਾਂਦਾ ਏ।

ਜਿਨੇਂ ਪੈਰ ਨਦੀ ਵਿਚ, ਭੁਲ ਕੇ ਨਹੀਂ ਕਦੀ ਪਾਇਆ,
ਆਕੇ ਦੁਵਾਰੇ ਤੇਰੇ ਤਾਰੂ ਬਣ ਜਾਂਦਾ ਏ।
ਕੌਡੀਆਂ ਨੂੰ ਤਰਸਦਾ ਜੋ ਦੁਨੀਆਂ ਦੇ ਰਾਹ ਉਤੇ,
ਮਿਹਰ ਤੇਰੀ ਨਾਲ ਕਿਤੇ ਕਾਰੂ ਬਣ ਜਾਂਦਾ ਏ।
ਜਿਨੇਂ ਤੇਰੇ ਸਾਏ ਹੇਠ ਮਾਨੀ ਨਿਘ ਪਿਆਰ ਦੀ ਏ,
ਦੂਤੀਆਂ ਦੇ ਦਲਾਂ ਤਾਈਂ ਮਾਰੂ ਬਣ ਜਾਂਦਾ ਏ।

ਸੁਣ ਕੇ ਹੈਰਾਨ ਹੋਵਾਂ ਤੇਰੇ ਉਪਕਾਰਾਂ ਤਾਈਂ,
ਸਪਾਂ ਨੂੰ ਵੀ ਦਸਿਆ ਦਾਤਿਆ ਪਿਆਰ ਕੇ।
ਸੁਖਾਂ ਤਾਈਂ ਮੋੜ ਕੇ ਮੁਸੀਬਤਾਂ ਨੂੰ ਮੁੱਲ ਲੈ,
ਕੀਤਾ ਏ ਕਮਾਲ ਮਾਹੀ ਸਭ ਕੁਛ ਵਾਰ ਕੇ।

ਜਿਨੇਂ ਤੇਰੇ ਸੁਤੇ ਹੋਏ ਨਾਗਾਂ ਨੂੰ ਜਗਾਇਆ ਏ,
ਤਾਰੀਖ ਦੀ ਗਵਾਈ ਏ ਤਬਾਹ ਹੁੰਦੇ ਵੇਖਿਐ।
ਜਿਨੇ ਤੇਰੇ ਦਲਾਂ ਵਿਚ ਖਲਬਲੀ ਏ ਆਨ ਪਾਈ,
ਦਸਦੇ ਮੈਦਾਨ ਨੇ ਫਨਾਹ ਹੁੰਦੇ ਵੇਖਿਐ।
ਜਿਨਾਂ ਅਗ ਲੌਨਿਆਂ ਨੇ ਅਤ ਚਾਈ ਦਿਨੇ ਰਾਤ,
ਨੈਣਾਂ ਦੀ ਚੰਗਿਆੜੀ ਨਾਲ ਸਵਾਹ ਹੁੰਦੇ ਵੇਖਿਐ।
ਜਿਧਰ ਏ ਵਹੀਰ ਪਾਈ ਤੀਰਾਂ ਦੇ ਸਨਾਟਿਆਂ,
ਮੌਤ ਨਾਲ ਉਹਨਾਂ ਦਾ ਵਿਆਹ ਹੁੰਦੇ ਵੇਖਿਐ।

ਜਿਨੇਂ ਤੇਰੇ ਵਲ ਵੀ ਏ ਕੈਰੀ ਅੱਖ ਵੇਖਿਐ,
ਕਾਲ ਨੇ ਬੁਲਾਵਾ ਦਿਤਾ ਉਹਨੂੰ ਲਲਕਾਰ ਕੇ।
ਧੰਨ ਧੰਨ ਧੰਨ ਗੁਰੂ ਬੀਰਤਾ ਦੇ ਪੁੰਜ ਮਾਹੀ,
ਦੁਖ ਕਟੇ ਦੇਸ਼ ਦੇ ਤੂੰ ਜ਼ਿੰਦਗੀ ਨੂੰ ਵਾਰ ਕੇ।

ਰਾਜ ਛਡ ਤਾਜ ਛਡ ਬਾਜ ਛਡ ਸਾਜ ਛਡ,
ਸਭੋ ਮਹਾਰਾਜ ਛਡ ਮਲੀਆਂ ਮੁਸੀਬਤਾਂ।
ਲਾਲ ਤੇਰੇ ਛੋਟੇ ਛੋਟੇ, ਜਿਗਰ ਦੇ ਟੋਟੇ ਟੋਟੇ,
ਹੋ ਗਏ ਪੋਟੇ ਪੋਟੇ ਝਲੀਆਂ ਮੁਸੀਬਤਾਂ।
ਤੇਰੇ ਈ ਖਿਆਲ ਨੇ ਉਚੇ ਇਕਬਾਲ ਨੇ,
ਲਡਿਕਿੜੇ ਜਿਹੇ ਲਾਲ ਨੇ ਦਲੀਆਂ ਮੁਸੀਬਤਾਂ।
ਆਕੇ ਮੈਦਾਨ ਵਿਚ ਯੁਧ ਘਮਸਾਨ ਵਿਚ,
ਜੋਸ਼ ਕਿਰਪਾਨ ਵਿਚ ਠਲ੍ਹੀਆਂ ਮੁਸੀਬਤਾਂ।

ਤੇਰੇ ਹੈ ਦਵਾਰੇ ਉਤੇ ਆਇਆ ਜਿਹੜਾ ਚਲ ਕੇ,
ਤੇਰੇ ਜੋਗਾ ਹੋ ਗਿਆ ਦੁਨੀਆਂ ਵਿਸਾਰ ਕੇ।
ਟੋਲਿਆ ਜਹਾਨ ਸਾਰਾ ਸਾਨੀ ਨਹੀਂ ਕੋਈ 'ਸੇਵਕ',
ਖੁਸ਼ੀਆਂ ਮਨਾਏ ਜਿਹੜਾ ਪੁਤਰਾਂ ਨੂੰ ਵਾਰ ਕੇ।

★

ਪਟਨੇਂ ਵਿਚ ਅਵਤਾਰ

ਕਲਗੀ ਵਾਲਿਆ ਦਿਲਾਂ ਵਿਚ ਕੁਟ ਕੁਟ ਕੇ,
ਭਰਿਆ ਹੋਇਆ ਏ ਪ੍ਰੇਮ ਪਿਆਰ ਤੇਰਾ।
ਸਦੀਆਂ ਤੀਕ ਨਾ ਕਦੀ ਵੀ ਭੁਲ ਸਕੇ,
ਹੋਇਆ ਅਸਾਂ ਤੇ ਜੋ ਉਪਕਾਰ ਤੇਰਾ।
ਲੋਥਾਂ ਲਹੂ ਵਿਚ ਤਾਰੀਆਂ ਤਰਨ ਓਥੇ,
ਜਿਥੇ ਨਚਿਆ 'ਦਲ ਸ਼ਿੰਗਾਰ' ਤੇਰਾ।
ਵੈਰੀ ਖੇਤ ਵਿਚ ਖੇਤਰੀ ਵਾਂਗ ਲੇਟੇ,
ਜਦੋਂ ਜੰਗ ਨੂੰ ਗਿਆ ਜੁਝਾਰ ਤੇਰਾ।

ਤੇਰੀ ਚੰਡੀ ਨੇ ਵੈਰੀਆਂ ਚੀਰ ਦਿਤਾ,
ਖੰਡਾ ਧਰਮ ਨੂੰ ਗਿਆ ਖਲ੍ਹਾਰ ਤੇਰਾ।
ਜੜ੍ਹ ਜ਼ੁਲਮ ਤੇ ਸਿਤਮ ਦੀ ਪਟਨੇ ਨੂੰ,
ਹੋਇਆ ਪਟਨੇਂ ਵਿਚ ਅਵਤਾਰ ਤੇਰਾ।

ਸਚ ਧਰਮ ਦੇ ਰਹਿਬਰਾ ਲਿਖਾਂ ਕੀ ਮੈਂ
ਪਾਕ ਸਾਫ਼ ਰਬੀ ਤੇਰੀ ਜ਼ਾਤ ਅੰਦਰ।
ਦਿੜੀ ਬਾਜ਼ ਦੇ ਨਾਲ ਲੜਾ ਦੇਨੀ,
ਤੁਛ ਗਲ ਸੀ ਤੇਰੀ ਉਕਾਤ ਅੰਦਰ।
ਆਇਓਂ ਸਚ ਦਾ ਦੰਨ ਚੜ੍ਹਾਓਨ ਵਾਲਾ,
ਝੂਠ ਪਾਪ ਅੰਧੇਰ ਦੀ ਰਾਤ ਅੰਦਰ।
ਸਵਾ ਲਖ ਥੀਂ ਇਕ ਲੜਾ ਦੇਨਾਂ,
ਤੇਰਾ ਜਾਦੂ ਸੀ ਆਬੇ-ਹਯਾਤ ਅੰਦਰ।

ਤੀਰ ਮਾਰ ਕੇ ਜ਼ੁਲਮ ਨੂੰ ਤੀਰ ਕੀਤਾ,
ਗਿਆ ਵਾਰ ਨਾ ਕੋਈ ਏਕਾਰ ਤੇਰਾ।
ਜੜ੍ਹ ਜ਼ੁਲਮ ਤੇ ਸਿਤਮ ਦੀ ਪਟਨੇਂ ਨੂੰ,
ਹੋਇਆ ਪਟਨੇਂ ਵਿਚ ਅਵਤਾਰ ਤੇਰਾ।

ਤੇਰੀ ਅਣਖ ਸੀ ਸ਼ੇਰ ਦੀ ਅੱਖ ਵਾਂਗੂੰ,
ਸੂਰਜ ਵਾਂਗਰਾਂ ਚਮਕਦੀ ਸ਼ਾਨ ਤੇਰੀ।
ਤੇਰੇ ਤੀਰਾਂ ਨੇ ਪਾਪ ਦੇ ਲੱਕ ਤੋੜੇ,
ਆਕੜ ਜ਼ੁਲਮ ਦੀ ਭੰਨੀ ਕਮਾਨ ਤੇਰੀ।
ਤੇਰੇ ਬਾਜ਼ ਨੇ ਬਾਜ਼ੀਆਂ ਜਿਤ ਲਈਆਂ,
ਜ਼ੁਲਮ ਮੇਟ ਗਈ ਨੂਰੀ ਕਿਰਪਾਨ ਤੇਰੀ।
ਤਾ ਧਰਮ ਦਾ ਗਡ ਗਿਓਂ ਦੇਸ਼ ਅੰਦਰ,
ਛਾਂਵੇਂ ਲਗ ਗਈ ਉਤੇ ਸੰਤਾਨ ਤੇਰੀ।

ਚਪੇ ਚਪੇ ਦੇ ਉਤੇ ਹੈ ਗਿਆ ਲਿਖਿਆ,
ਤੇਰੇ ਖ਼ੂਨ ਦੇ ਨਾਲ ਉਪਕਾਰ ਤੇਰਾ ;
ਜੜ ਜ਼ੁਲਮ ਤੇ ਸਿਤਮ ਦੀ ਪਟਨੇਂ ਨੂੰ,
ਹੋਇਆ ਪਟਨੇ ਵਿਚ ਅਵਤਾਰ ਤੇਰਾ ।

ਗਲ ਪਏ ਗੁਲਾਮੀ ਦੇ ਤੌਕ ਲਾਹੇ,
ਤੈਂਨੂੰ ਦੇਸ਼ ਦਾ ਜਦੋਂ ਪਿਆਰ ਆਇਆ ;
ਮੋਤੀ ਹੱਸ ਕੇ ਉਹਦੋਂ ਕੁਰਬਾਨ ਕੀਤੇ,
ਜਦੋਂ ਸਾਹਮਣੇ ਲਾਲਾਂ ਦਾ ਹਾਰ ਆਇਆ।
ਤੇਰੇ ਤੀਰਾਂ ਦੀ ਜਿਥੋਂ ਤਕ ਤੱਕ ਪਹੁੰਚੀ,
ਜ਼ਾਲਮ ਤਤਿਆਂ ਦੇ ਸੀਨੇ ਠਾਰ ਆਇਆ ;
ਤੇਰੇ ਖ਼ੂਨ ਦੀ ਜਿਥੇ ਵੀ ਬੂੰਦ ਡੁਲ੍ਹੀ,
ਉਹ ਤਾਂ ਲਖਾਂ ਦੇ ਕਾਜ ਸਵਾਰ ਆਇਆ।

ਕਰ ਕਰ ਯਾਦ ਕੁਰਬਾਨੀਆਂ ਤੇਰੀਆਂ ਨੂੰ,
ਯੱਸ ਗਾਂਵਦਾ ਕੁਲ ਸੰਸਾਰ ਤੇਰਾ।
ਜ਼ੁਲ੍ਹ ਜ਼ੁਲਮ ਤੇ ਸਿਤਮ ਦੀ ਪਟਨੇਂ ਨੂੰ,
ਹੋਇਆ ਪਟਨੇ ਵਿਚ ਅਵਤਾਰ ਤੇਰਾ।

ਬੇੜੀ ਪਈ ਮੰਝਧਾਰ ਸੀ ਹਿੰਦ ਵਾਲੀ,
ਤਾਨ ਲਾ ਕੇ ਪਾਰ ਲੰਘਾਉਣ ਵਾਲੇ ;

ਦੇ ਕੇ ਥਾਪਨਾ ਅਪਣੇ ਯੋਧਿਆਂ ਨੂੰ,
ਮਸਤ ਹਾਥੀਆਂ ਨਾਲ ਭਿੜਾਉਂਨ ਵਾਲੇ।
ਬੀਰ ਖਾਲਸਾ ਪੰਥ ਰਚਾਉਂਨ ਵਾਲੇ,
ਟੋਟੇ ਜਿਗਰ ਦੇ ਟੋਟੇ ਕਰਾਉਂਨ ਵਾਲੇ।
ਪਿਆ ਕੇ ਅੰਮਰਿਤ ਦੀ ਬੂੰਦ ਪਿਆਰਿਆਂ ਨੂੰ,
ਸਵਾ ਲਖ ਥੀਂ ਇਕ ਲੜਾਉਂਨ ਵਾਲੇ।

ਮਾਤਾ ਪਿਤਾ ਤੇ ਪੁਤਰ ਕੁਰਬਾਨ ਕਰਕੇ,
ਨਹੀਂ ਸੀ ਡੋਲਿਆ ਚਿਤ ਸਰਕਾਰ ਤੇਰਾ।
ਜੜ੍ਹ ਜ਼ੁਲਮ ਤੇ ਸਿਤਮ ਦੀ ਪਟਨੇ ਨੂੰ,
ਹੋਇਆ ਪਟਨੇ ਵਿਚ ਅਵਤਾਰ ਤੇਰਾ।

ਤਾਰੇ ਗਿਨੇ ਜਾਵਨ ਜੇ ਕੋਈ ਕਰੇ ਮਿਹਨਤ,
ਪਾਪੀ ਆਪਦੇ ਤਾਰੇ ਨਹੀਂ ਗਿਨੇ ਜਾਂਦੇ।
ਮਿਨੀ ਜਾਏ ਗਹਿਰਾਈ ਸਮੁੰਦਰਾਂ ਦੀ ਨਾ,
ਉਪਕਾਰ ਤੇਰੇ ਨਾ ਗਿਨੇ ਮਿਨੇ ਜਾਂਦੇ।
ਖਿਚੇ ਗਏ ਜੋ ਤੇਰੀ ਪ੍ਰੇਮ ਤਾਨ ਅੰਦਰ,
ਜਿਤਨ ਆਏ ਤੈਂਨੂੰ ਆਪ ਜਿਨੇ ਜਾਂਦੇ।
ਤੇਰੇ ਬਾਝ ਉਪਕਾਰੀਆ ਕਿਸੇ ਦੇ ਵੀ,
ਬਚੇ ਨੀਹਾਂ ਵਿਚ ਨਹੀਂ ਵੇਖੇ ਚਿਨੇ ਜਾਂਦੇ।

ਬਦਲੇ ਪੰਥ ਦੇ ਬੰਸ ਕੁਰਬਾਨ ਕਰਕੇ,
ਫਿਰ ਵੀ ਆਖਿਆ:-ਸ਼ੁਕਰ ਕਰਤਾਰ ਤੇਰਾ।
ਜੜ੍ਹ ਜ਼ੁਲਮ ਤੇ ਸਿਤਮ ਦੀ ਪਟਨੇਂ ਨੂੰ,
ਹੋਇਆ ਪਟਨੇ ਵਿਚ ਅਵਤਾਰ ਤੇਰਾ।

ਸਿਖਾਂ ਦੀ ਆਵਾਜ਼

ਅਣਖੀ ਸੂਰਮੇਂ ਅਸੀਂ ਜਰਨੈਲ ਬਾਂਕੇ,
ਹਕਾਂ ਲਈ ਤਰਥੱਲ ਮਚਾ ਦਿਆਂ ਗੇ।
ਥਾਂ ਇਟਾਂ ਦੀ ਜਿਗਰ ਦੇ ਲਾ ਟੋਟੇ,
ਸਿਖੀ ਮਹਿਲ ਦੀ ਸ਼ਾਨ ਚਮਕਾ ਦਿਆਂ ਗੇ।
ਸਾਡੀ ਯਾਰੀ ਹੈ ਵੱਢ ਨਹੀਂ ਛੋਲਿਆਂ ਦਾ,
ਅਸੀਂ ਏਸ ਨੂੰ ਤੋੜ ਨਿਭਾ ਦਿਆਂ ਗੇ।
ਰੋਸ਼ਨ ਜੱਗ ਤੇ ਕਰਨ ਲਈ ਨਾਮ ਇਹਦਾ,
ਚਰਬੀ ਢਾਲ ਕੇ ਦੀਵੇ ਜਗਾ ਦਿਆਂ ਗੇ।

ਸਿਹਰੇ ਬੰਨ੍ਹ ਕੇ ਸਿਰੀਂ ਕੁਰਬਾਨੀਆਂ ਦੇ,
ਲਾੜੀ ਮੌਤ ਨੂੰ ਚਿਠੀਆਂ ਪਾ ਦਿਆਂ ਗੇ।
ਸਾਡੀਆਂ ਰਗਾਂ ਵਿਚ ਖੂਨ ਦਸਮੇਸ਼ ਜੀ ਦਾ,
ਖਾਤਰ ਪੰਥ ਦੀ ਜਾਨ ਲੜਾ ਦਿਆਂ ਗੇ।

ਅਸੀਂ ਕਿਸੇ ਤੇ ਕਦੇ ਨਹੀਂ ਮਾਨ ਕੀਤਾ,
ਦਿਲ ਅਪਣੇਂ ਆਪ ਅਜ਼ਮਾਏ ਹੋਏ ਨੇ।
ਪਲੇ ਅਸੀਂ ਤਲਵਾਰਾਂ ਦੀ ਛਾਂ ਹੇਠਾਂ,
ਖੋਪਰ ਸੀਸ ਦੇ ਏਥੇ ਉਤਰਾਏ ਹੋਏ ਨੇ।
ਚੜੇ ਚਰਖੜੀ ਆਰਿਆਂ ਨਾਲ ਚੀਰੇ,
ਸਿਦਕ ਸਿਰਾਂ ਦੇ ਨਾਲ ਨਿਭਾਏ ਹੋਏ ਨੇ।
ਏਸ ਸਿਖੀ ਤ੍ਰਿਬੈਨੀ ਦੇ ਘਾਟ ਉਤੇ,
ਅਸਾਂ ਲਖਾਂ ਸ਼ਹੀਦ ਪ੍ਰਵਾਏ ਹੋਏ ਨੇ।

ਸਾਡੀ ਅਣਖ ਨੂੰ ਕਿਸੇ ਵੰਗਾਰਿਆ ਜੇ,
ਮਜ਼ਾ ਓਸਨੂੰ ਉਹਦਾ ਚਖਾ ਦਿਆਂ ਗੇ।
ਅਣਖ ਰਖ ਰਣਜੀਤ ਦੀ ਅਖ ਅੰਦਰ,
ਖਾੜਕ ਪੰਥ ਦੀ ਜਾਨ ਲੜਾ ਦਿਆਂ ਗੇ।

ਅਖਾਂ ਸਾਹਮਣੇਂ ਉਬਲਦੀ ਦੇਗ਼ ਦਿਸੇ,
ਚਮਕੇ ਜਿਥੋਂ ਕੁਰਬਾਨੀ ਦੀ ਬਾਨ ਸਾਡੀ।

ਖੈਬਰ ਅਤੇ ਜਮਰੌਦ ਨਹੀਂ ਅਜੇ ਭੁਲਾ,
ਹਿਸਟਰੀ ਇੰਡੀਆ ਕਰੇ ਬਿਆਨ ਸਾਡੀ।
ਰਤ ਭਰੀ ਚਮਕੌਰ ਦੀ ਗੜ੍ਹੀ ਅੰਦਰ,
ਪਈ ਹੀਰਿਆਂ ਦੀ ਸੋਹਣੀ ਕਾਨ ਸਾਡੀ।
ਸਿਖੀ ਫੁਲ ਉਤੇ ਬਣੀਏਂ ਭੌਰ ਹਰਦਮ,
ਜਾਨੀਂ ਨਾਲ ਹੈ ਪੰਥ ਦੇ ਜਾਨ ਸਾਡੀ।

ਅਸੀਂ ਵੇਖ ਕੇ ਏਸ ਲਈ ਲਾਟ ਬਲਦੀ,
ਜਿੰਦ ਵਾਂਗ ਪਤੰਗੇ ਜਲਾ ਦਿਆਂ ਗੇ।
ਸ਼ੇਰਾਂ ਵਾਂਗਰਾਂ ਜੂਝ ਮੈਦਾਨ ਅੰਦਰ,
ਖਾਤਰ ਪੰਥ ਦੀ ਜਾਨ ਲੜਾ ਦਿਆਂ ਗੇ।

ਭੁਲੀ ਨਹੀਂ ਸਭਰਾਓ ਦੀ ਧਰਤ ਗਾਲੇ,
ਤਾਕਤ ਚੇਲਿਆਂ ਵਾਲੇ, ਦੀ ਜੂਹ, ਦਸੇ।
ਸਾਡੀ ਬੀਰਤਾ ਨੂੰ ਦੁਨੀਆਂ ਯਾਦ ਕਰਦੀ,
ਅਜੇ ਤੀਕ ਅਟਾਰੀ ਦੀ ਰੂਹ ਦਸੇ।
ਥੁਰੇ ਪਏ ਲਾਹੌਰ ਦੇ ਨਜ਼ਰ ਆਵਨ,
ਹਾਲ ਖੋਲ ਕੇ ਤੇ 'ਲਾਲ ਖੂਹ' ਦਸੇ।
ਤਾਰੂ ਸਿੰਘ ਦੇ ਜਦੋਂ ਹਾਲਾਤ ਪੜ੍ਹੀਏ,
ਲਗੇ ਅੱਗ ਉਹ ਦਿਲ ਨੂੰ ਲੂਹ ਵਸੇ।

ਜੋ ਕੁਛ ਬਨੇਗੀ ਜਰਾਂ ਗੇ ਸਿਰ ਉਤੇ,
ਚਣੇਂ ਦੁਸ਼ਮਨਾਂ ਤਾਈਂ ਚਬਾ ਦਿਆਂ ਗੇ।
ਡਰੂਆਂ ਵਾਂਗ ਨਹੀਂ ਡਰ ਕੇ ਬਹਿ ਜਾਨਾ,
ਖਾਤਰ ਪੰਥ ਦੀ ਜਾਨ ਲੜਾ ਦਿਆਂ ਗੇ।

ਅਜੇ ਉਛਲਦੇ ਸਰਸਾ ਦੇ ਕੰਢਿਆਂ ਤੇ,
ਸਿਦਕੀ ਵਾਰਦਾ ਕੋਈ ਪ੍ਰਵਾਰ ਦਿਸੇ।
ਭੁਲੀ ਨਹੀਂ ਖਿਦਰਾਨੇਂ ਦੀ ਢਾਬ ਹਾਲੇ,
ਕਾਜ਼ੀ-ਵਾਨ ਦੀ ਸਾਹਮਣੇ ਬਾਰ ਦਿਸੇ।
ਅਜੇ ਕਾਬਲ ਈਰਾਨ, ਦੀ ਹਿਕ ਉਤੇ,
ਨੱਲ੍ਹਏ ਸ਼ੇਰ ਦੀ ਗਜਦੀ ਭਬਕਾਰ ਦਿਸੇ।
ਅਜੇ ਮਰਦ ਮੈਦਾਨ ਜਰਨੈਲ ਅਣਖੀ,
ਫੁਲਾ ਸਿੰਘ ਦੀ ਤੇਜ਼ ਤਲਵਾਰ ਦਿਸੇ।

ਨਹੀਂ ਡਰਨ ਵਾਲੇ ਗਿਦੜ ਭਬਕੀਆਂ ਤੋਂ,
ਅਸੀਂ ਬਨ ਕੇ ਸ਼ੇਰ ਵਿਖਾ ਦਿਆਂ ਗੇ।
ਪੀਤਾ ਅੰਮ੍ਰਿਤ ਏ ਥੀ ਦਸਮੇਸ਼ ਜੀ ਦਾ,
ਖਾਤਰ ਪੰਥ ਦੀ ਜਾਨ ਲੜਾ ਦਿਆਂ ਗੇ।

ਹੱਕ ਕਿਸੇ ਦਾ ਕਿਸੇ ਤੋਂ ਮੰਗਦੇ ਨਹੀਂ,
ਅਪਣਾ ਹੱਕ ਨਹੀਂ ਕਿਸੇ ਨੂੰ ਲੈਨ ਦੇਨਾ।

ਸਜਨ ਲਈ ਹਾਂ ਅਸੀਂ ਭਿਰਾ ਸਕੇ,
ਪੁਠਾ ਕਦੀ ਪ੍ਰਵਾਹ ਨਹੀਂ ਵਹਿਨ ਦੇਨਾ।
ਸਰੂ ਜਿਹੀਆਂ ਜਵਾਨੀਆਂ ਹੁੰਦਿਆ ਏ,
ਨਹੀਂ ਕੋਈ ਭੂੰਡ ਗੁਲਾਬ ਤੇ ਬਹਿਨ ਦੇਣਾ।
ਅੱਸੀ ਲਖਾਂ ਦੇ ਜੀਉਂਦਿਆਂ ਜਾਗਦਿਆਂ,
ਕਦੀ ਪੰਥ ਗੁਲਾਮ ਨਹੀਂ ਰਹਿਨ ਦੇਨਾ।

ਅਸੀਂ ਪੰਜੇ ਨਨਕਾਣੇ ਨੂੰ ਲੈਣ ਦੇ ਲਈਂ,
ਸੱਥਰ ਵਾਂਗਰਾਂ ਪੋਸ਼ ਵਿਛਾ ਦਿਆਂ ਗੇ।
'ਸੇਵਕ' ਸੀਸ ਨੂੰ ਰਖ ਕੇ ਤਲੀ ਉਤੇ,
ਖਾਤਰ ਪੰਥ ਦੀ ਜਾਨ ਲੜਾ ਦਿਆਂ ਗੇ।

ਸੱਜਨ

ਉਹ ਵਿਰਲੇ ਨੇ ਦੁਨੀਆਂ ਅੰਦਰ,
ਜਿਹੜੇ ਪੜਦੇ ਕੱਜਨ ।
ਸੁਖਾਂ ਵੇਲੇ ਸਾਥੀ ਸਾਰੇ,
ਬਿਪਤਾ ਵੇਲੇ ਭਜੱਨ ।
ਜਿਹੜੇ ਸਦਾ ਸਲਾਮੱਤ ਰਹਿੰਦੇ,
ਲੋੜ ਥੋੜ ਵਿਚ ਪੂਰੇ ।
ਅੱਜ ਕਲ ਨੇ ਉਹ ਮੁਸ਼ਕਲ ਮਿਲਦੇ,
'ਸੇਵਕ' ਅਸਲੀ ਸਜੱਨ ।

—:o:—

ਸਿੱਖੀ

ਸੋਹਲ ਤੇ ਮਲੂਕੜੀ ਏ,
ਨਾਜ਼ਕ ਜਿਹੀ ਫੁਲ ਕੋਲੋਂ,
ਖੰਡੇ ਦੀ ਧਾਰੋਂ ਵੱਧ,
ਭਾਹਡੀ ਏ ਤਰਿਖੀ ਏ।

ਫਾਂਸੀਆਂ ਤੇ ਖੇਡਦੀ ਏ,
ਪਾ ਮੌਤ ਨਾਲ ਜਫੀਆਂ,
ਪ੍ਰੀਤ ਦੀ ਕੋਈ ਦਾਸਤਾਂ,
ਅਨੋਖੀ ਏਸ ਲਿਖੀ ਏ।

ਮਹਿੰਦੀ ਸਦਾ ਖ਼ੂਨ ਵਾਲੀ,
ਹਥਾਂ ਉਤੇ ਲਾਈ ਰਖੇ,
ਧਰਮ ਉਪਕਾਰਾਂ ਦੀ,
ਬਨੀ ਰਹਿੰਦੀ ਭਿਖੀ ਏ।

ਖੋਪਰੀ ਜੋ ਉਤਰ ਜਾਵੇ,
ਉਚਰੇ ਨਾ ਸੀ ਮੂੰਹੋਂ,
ਜਪ-ਮਾਲਾ ਪਿਆਰ ਦੀ,
ਫੇਰਦੀ ਦੇ ਰਿਖੀ ਏ।

ਮਖਮਲ ਇਤਲਸਾਂ ਦੀ,
ਚੁਭਦੀ ਏ ਸੇਜ ਜਿਨੂੰ,
ਸੁਤੀ ਹੋਈ ਕੰਡਿਆਂ ਤੇ,
ਇਹੋ ਰਾਣੀ ਦਿਖੀ ਏ।

ਤਾਜ ਰਾਜ ਸਾਜ ਵਾਲੀ,
'ਬੀਰਤਾ ਦੀ ਪੁੰਜ' ਸਫ਼ੀ,
ਪਲੀ ਤਲਵਾਰਾਂ ਹੇਠ,
ਸੋਹਣੀ ਇਹ ਸਿਖੀ ਏ।

ਸ਼ਾਨ ਮੋਤੀ ਹੀਰਿਆਂ ਤੋਂ,
ਚਮਕਦੀ ਹੈ ਵੱਧ ਜੀਹਦੀ,
ਵੰਡਦੀ ਜੋ ਸਦਾ ਰਹਿੰਦੀ,
ਦੌਲਤ ਪਿਆਰਾਂ ਦੀ।

ਛਨ ਜਾਵੇ ਛਾਤੀ ਭਾਵੇਂ,
ਛਾਨਨੀਂ ਦੇ ਵਾਂਗ ਸਾਰੀ,
ਮਿੱਠੀ ੨ ਸੁਰ ਗਾਵੇ,
ਚਾਵਾਂ ਤੇ ਮਲ੍ਹਾਰਾਂ ਦੀ।

ਸ਼ਮਸ ਵਾਂਗ ਲਹਿ ਜਾਵੇ,
ਪਿੰਡੇ ਉਤੋਂ ਪੋਸ਼ ਭਾਵੇਂ,
'ਸੂਰਗਾਂ ਦੇ ਸੁਖ' ਜਾਨੈਂ,
ਛਾਂ ਤਲਵਾਰਾਂ ਦੀ।

ਲਾਡਲੇ ਲਾਲ ਸੋਹਣੇ,
ਅਖਾਂ ਸਾਹਵੇਂ ਜ਼ਿਬ੍ਹਾ ਵੇਖ,
ਮਾਲਾ ਗਲ਼ ਪਾਂਵਦੀ ਏ,
ਮੋਤੀਆਂ ਦੇ ਹਾਰਾਂ ਦੀ।

ਜਿੰਦ ਜਾਨ ਵੀ ਪਿਆਰੀ,
ਭਾਸਦੀ ਨਾ ਮੂਲ ਇਹਨੂੰ,
ਚਰਖੜੀ ਤੇ ਚਾੜ੍ਹ ਚਾੜ੍ਹ,
ਗਈ ਇਹ ਪਰਿਖੀ ਏ।

'ਸਰਹੰਦ ਦੀਆਂ ਨੀਂਹਾਂ' ਵਿਚੋਂ,
ਅਜੇ ਪਈ 'ਅਵਾਜ਼' ਆਵੇ,
ਧੰਨ ਧੰਨ ਸਿਖੀ ਏਹੋ,
ਧੰਨ ੨ ਸਿਖੀ ਏ।

ਬਦਲੀ ਏ ਰਹਿਮਤਾਂ ਦੀ,
ਠੰਡਕ ਹੈ ਚਾਨਣੀ ਕੋਈ,
ਮਾਲਿਕ ਇਹ ਮੌਜਾਂ ਦੀ,
ਸੁਖਾਂ ਦੀ ਦਾਤਾ ਏ।

ਦੁਖੀਆਂ ਦੇ ਉਜੜੇ ਹੋਏ,
ਘਰਾਂ ਨੂੰ ਵਸਾਨ ਲਈ,
ਲਿਖਨ ਲਈ ਲੇਖ ਆਈ,
ਬਨ ਕੇ ਵਿਧਾਤਾ ਏ।

ਜ਼ੁਲਮ ਮਿਟਾਨ ਲਈ,
ਖਾਲਸੇ ਨੂੰ ਜਨਮ ਦਿਤਾ,
ਪ੍ਰਵਾਰ ਨੇ ਪੁਤ ਪਾਲੇ,
ਏਸ 'ਰਾਣੀਂ ਮਾਤਾ' ਏ।

ਦਸਿਆ ਹੈ ਰਾਹ ਜਿਨ੍ਹੇਂ,
ਭੁਲੇ ਹੋਏ ਜਗ ਤਾਈਂ,
ਅਕਲਾਂ ਦੀ ਮਾਲਿਕ ਏ,
ਦੁਨੀਆਂ ਵਖਿਆਤਾ ਏ।

ਗੋਲੀਆਂ ਦੇ ਵਾਰਾਂ ਅਗੇ,
ਸੀਨਾਂ ਏ ਢਾਲ ਕਰਦੀ,
ਨੇਜ਼ਿਆਂ ਦੇ ਮੂੰਹਾਂ ਕੋਲੋਂ,
ਦਿਸਦੀ ਤਰਿਖੀ ਏ।

ਫਾਂਸੀਆਂ ਦੇ ਰਸਿਆਂ ਦੀ,
ਝੁਟਦੀ ਹੈ ਪੀਂਘ ਸੋਹਣੀ,
ਆਰਿਆਂ ਥੀਂ ਚਿਰ ਜਾਨਾਂ,
ਕਾਰ ਇਹਨੇਂ ਸਿਖੀ ਏ।

ਸੁਘੜ ਸੁਚਜੀ ਬੜੀ,
ਸਿਆਨੀ ਏ ਮਹਾਂਰਾਣੀਂ,
ਦੁਨੀਆਂ ਦੇ ਲੋਕ ਗਾਵਨ,
ਜਿਸਦੀਆਂ ਵਾਰਾਂ ਨੇਂ।

ਮਸਤ ਕੀਤਾ ਪੌਨ ਨੂੰ,
ਜਿਸਦੇ ਹੈ ਲੱਰ ਮਿਠੇ,
ਹਿਲ ਤਸਵੀਰਾਂ ਜਾਵਨ,
ਹਿਲਦੀਆਂ ਜਾਂ ਤਾਰਾਂ ਨੇਂ।

ਰੂਪ ਮਤਵਾਲੀ ਜੋਗਨ,
ਨਖਰੇ ਤੇ ਨਾਜ਼ ਵੇਖ,
ਆਸ਼ਕਾਂ ਦੇ ਸੀਨੇ ਫਟੇ,
ਨੈਣਾਂ ਦੇ ਕਟਾਰਾਂ ਨੇ।

ਵੇਖ ਵੇਖ ਸ਼ੋਖੀਆਂ ਤੇ,
ਸਨ ਨਿਆਮਤਾਂ ਨੂੰ,
ਨੀਲੇ ਪੀਲੇ ਵੇਸ ਕੀਤੇ,
ਸਾਥਨਾਂ ਮੁਟਿਆਰਾਂ ਨੇ।

ਦੇਗਾਂ ਵਿਚ ਉਬਲਨਾਂ ਤੇ,
ਬੰਦ ਬੰਦ ਜੁਦਾ ਹੋਣਾਂ,
ਸਿਦਕ ਸਬਰ ਵਿਚ,
ਗਈ ਇਹ ਲਿਖੀ ਏ।

ਕਲਗੀ-ਧਰ ਸ਼ਹਿਨਸ਼ਾਹ,
ਦੁਨੀਆਂ ਦੇ ਮਾਲਿਕਾ,
ਪ੍ਰਗਟ ਜਹਾਨ 'ਸੇਵਕ',
ਧੰਨ ਤੇਰੀ ਸਿਖੀ ਏ।

ਦਿਸੀਆਂ ਨਾ ਜਗ ਵਿਚ,
ਜਾਦੂਗਰਾਂ ਮੰਤ੍ਰੀਆਂ ਤੋਂ,
ਜਿਹੋ ਜਿਹੀਆਂ ਕਰਾਮਾਤਾਂ,
ਏਸ ਨੇ ਵਿਖਾਈਆਂ ਨੇ।

ਜੋ ਇਦ੍ਹੀ ਸ਼ਰਨ ਆਇਆ,
ਇਸ ਚਾ ਕੰਠ ਲਾਇਆ,
ਪ੍ਰੀਤ ਦੀਆਂ ਗੰਡਾਂ ਏਸ,
ਘੁਟ ੨ ਪਾਈਆਂ ਨੇ।

ਇਹਦੀਆਂ ਜੋ ਕੀਤੀਆਂ,
ਕੀਤੀਆਂ ਨਹੀਂ ਬੀਤੀਆਂ,
ਮੌਤ ਨਾਲ ਹੱਸ ਏਸ,
ਪ੍ਰੀਤੀਆਂ ਨਿਭਾਈਆਂ ਨੇਂ।

ਤਾਈਉਂ ਨੇੜੇ ਰਥ ਦੇ,
ਹੋਈ ੨ ਜਾਪਦੀ ਏ,
ਤੇਗ ਦੀ ਇਸ ਧਾਰ ਉਤੇ,
ਮੰਜ਼ਲਾਂ ਮੁਕਾਈਆਂ ਨੇਂ।

ਵਰਕੇ ਇਤਹਾਸ ਵਾਲੇ,
ਦੇਂਦੇ ਨੇ ਗਵਾਹੀ ਸਾਰੀ,
ਜਿਥੇ ਇਹਦੇ ਇਸ਼ਕ ਦੀ,
ਦਾਸਤਾਨ ਲਿਖੀ ਏ।

ਓਪਰੇ ਵੀ ਏਸ ਤਾਈਂ,
ਰੀਝ ਨਾਲ ਆਖਦੇ ਨੇ,
ਧੰਨ ਧੰਨ ਧੰਨ ਧੰਨ,
ਧੰਨ ਧੰਨ ਸਿਖੀ ਏ।

ਚਾਲੀ

ਮਤਨ ਨ ਧਨ ਸਾਰਾ,
ਓਸ ਤਾਈਂ ਸੌਂਪ ਦਿਤਾ.
ਜਿਥੇ ਇਹਨੂੰ ਆ ਗਈਆਂ,
ਨਾਮੀਂ ਨੇ ਖੁਮਾਰੀਆਂ ।

ਓਸ ਵਲੋਂ ਉਤੋਂ ਏਸ,
ਆਪੇ ਤਾਈਂ ਵਾਰ ਦਿਤਾ,
ਜਿਹੜੀਆਂ ਨੇ ਬਾਵਾਂ ਇਹਨੂੰ,
ਲਗੀਆਂ ਪਿਆਰੀਆਂ ।

ਸਰ ਕੀਤਾ ਏਸ ਉਥੇ,
ਉਹਨਾਂ ਏਂ ਮੁਹਿੰਮਾਂ ਤਾਈਂ,
ਜਿਨ੍ਹਾਂ ਕੋਲੋਂ ਹਿੰਮਤਾਂ ਨੇ,
ਯੋਧਿਆਂ ਨੇ ਹਾਰੀਆਂ।

ਫਸ ਗਏ ਵਲਾਂ ਵਾਲੇ,
ਵਲਾਂ ਦਿਆਂ ਕੁੰਡਲਾਂ ਵਿਚ,
ਜਿਥੇ ਨੇ ਹੁਸੀਨ ਏਸ,
ਜ਼ੁਲਫਾਂ ਖਿਲਾਰੀਆਂ ।

ਜਿਹੜੀ ਅੱਖ ਨਾਲ ਕਿਸੇ,
ਏਸ ਤਾਈਂ ਵੇਖਿਐ,
ਓਹੋ ਤਸਵੀਰ ਉਹਨੂੰ,
ਏਦੇ ਵਿਚੋਂ ਦਿਖੀ ਏ।

ਮੌਤ ਵਿਚੋਂ ਜ਼ਿੰਦਗੀ ਦੇ,
ਭੇਦਾਂ ਤਾਈਂ ਭਾਲਦੀ ਏ,
ਆਸਾਂ ਤੇ ਉਮੰਗਾਂ ਦੀਆਂ,
ਮੱਧਰਾਂ ਦੀ ਸਿਖੀ ਏ।

ਕੁਰਬਾਨੀ

ਇਹ ਨੀਂਦ ਮਿੱਠੀ ਸੁਵਰਗ ਦੀ,
ਇਨ੍ਹੂੰ ਮਸਤਾਨੇ ਜਾਣਦੇ ।
ਇਹ ਫੁਲ ਇਹਦੀ ਵਾਸ਼ਨਾਂ,
ਭੌਰੇ ਦੀਵਾਨੇ ਜਾਣਦੇ ।
ਸੜਨਾਂ ਨੇ ਇਹਦੀ ਸ਼ਮ੍ਹਾਂ ਤੇ,
ਸਿਦਕੀ ਪ੍ਰਵਾਨੇ ਜਾਣਦੇ ।
ਆਪੇ ਨੇ ਹੱਸ ਕੇ ਵਾਰਦੇ,
ਜਿਹੜੇ ਬਿਗਾਨੇ ਜਾਣਦੇ ।

ਕੋਈ ਨ੍ਹੇਰਿਆਂ 'ਚ ਚੰਦ ਨੂਰੀ,
ਰੋਸ਼ਨ ਜਵਾਨੀ ਕਰ ਗਏ ।
ਮੰਗੀ ਜਿਨ੍ਹੀਂ ਨੇ ਮੌਤ ਇਸ ਤੋਂ,
ਸਦਾ ਜ਼ਿੰਦਗਾਨੀ ਕਰ ਗਏ ।

ਹੱਸ ਹੱਸ ਕੇ ਰਸੀਆਂ ਫਸੀਂਆਂ,
ਪੀਆਂ ਨੇ ਪਾਈਆਂ ਕਿਸੇ ਨੇ ।
ਅੱਖਾਂ ਦੇ ਚਾਨਣ ਵਾਰ ਕੇ,
ਜੋਤਾਂ ਜਗਾਈਆਂ ਕਿਸੇ ਨੇ ।
ਖੰਜਰ ਪਿਆਲੇ ਜਾਣ ਲੈ,
ਸੂਲਾਂ ਸੁਰਾਹੀਆਂ ਕਿਸੇ ਨੇ ।
ਪੁਤਰਾਂ ਨੂੰ ਵਾਰ ਕੇ,
ਖੁਸ਼ੀਆਂ ਮਨਾਈਆਂ ਕਿਸੇ ਨੇ ।

ਅੱਖਰ ਜਿਨ੍ਹਾਂ ਨੇ ਪੜ੍ਹ ਲਏ,
ਜੀਵਨ ਕਹਾਣੀ ਕਰ ਗਏ ।
ਉਹ ਮਿਟਨ ਲਗੇ ਆਪਣੀ,
ਪੈਦਾ ਨਿਸ਼ਾਨੀ ਕਰ ਗਏ ।

ਡਰਦੇ ਨਾ ਮੌਤੋਂ ਮਰਦ ਉਹ,
ਜੋ ਪਿਆਰ ਕਰਨਾ ਜਾਣਦੇ ।
ਸਿਰਾਂ ਦੀ ਭੇਟਾ ਚਾੜ੍ਹ ਕੇ,
ਸਤਿਕਰ ਕਰਨਾ ਜਾਣਦੇ !
ਦੇਹਾਂਦੇ ਫਟੇ ਚੀਰ ਕੇ,
ਉਪਕਾਰ ਕਰਨਾ ਜਾਣਦੇ ।
ਮੌਤ ਨੂੰ ਪਾਵਨ ਜਫੀਆਂ,
ਦਿਲਵਾਰ ਕਰਨਾ ਜਾਨਦੇ ।

ਕੋਈ ਸਾਕੀ ਪਿਆਰੀ ਦੇ,
ਜੀਵਨ ਪਿਆਲੀ ਕਰ ਗਏ ।
ਮਾਲੀ ਕੋਈ ਬੂਟੇ ਲਾਓਣ ਲਈ,
ਇਹ ਚਮਨ ਖਾਲੀ ਕਰ ਗਏ ।

ਜੀਵਨ ਕਿਸੇ ਨੇ ਏਸ ਤੋਂ,
ਅਪਣਾ ਪਿਆਰਾ ਵਾਰਿਆ ।
ਰਾਂਝੇ ਕਿਸੇ ਇਸ ਹੀਰ ਲਈ,
ਹੱਸ ਕੇ ਹਜ਼ਾਰਾ ਵਾਰਿਆਂ ।
ਅੱਖਾਂ ਦੇ ਸਾਹਵੇਂ ਕਿਸੇ ਨੇ,
ਅੱਖਾਂ ਦਾ ਤਾਰਾ ਵਾਰਿਆ ।
ਸਜਰ-ਵਿਆਹੀ ਕਿਸੇ ਨੇ,
ਸੰਸਾਰ ਸਾਰਾ ਵਾਰਿਆ

।

ਸਰਦਾਰ ਕੋਈ ਸਰ-ਦਾਰ ਦੇ,
ਮਨਸੂਰ ਤੇਰੇ ਹੋ ਗਏ ।
ਲਭ ਕੇ ਜ਼ਿੰਦਗੀ ਮੌਤ ਚੋਂ,
ਮਨਜ਼ੂਰ ਤੇਰੇ ਹੋ ਗਏ ।

--:o:-- ਪੰਜਤਾਲੀ

ਅੰਮ੍ਰਿਤ ਦੀ ਸ਼ਕਤੀ

ਵਰਗੀ ਜ਼ੁਲਮ ਹਨੇਰੀ ਆ ਹਿੰਦ ਅੰਦਰ,
ਗਿਆ ਉਡ ਇਨਸਾਫ ਸਰਕਾਰ ਵਿਚੋਂ
ਛਾਈ ਆਨ ਅਮਸਿਆ ਰਾਤ ਪਾਪਨ.
ਚੰਨ ਧਰਮ ਦਾ ਲੱਥਾ ਸੰਸਾਰ ਵਿਚੋਂ।
ਕਿਸ਼ਨ, ਬਿਸ਼ਨ, ਮਹੇਸ਼ ਸਭ ਪੂਜ ਥਕੇ,
ਆਇਆ ਕੋਈ ਨਾ ਕਈ ਹਜ਼ਾਰ ਵਿਚੋਂ।
ਬਿਨਾਂ ਮਾਲੀਓਂ ਬਾਗ਼ ਵੈਰਾਨ ਹੋਇਆ,
ਫੁਲ ਦੁਨੋਂ ਗਏ ਹਿੰਦ ਗੁਲਜ਼ਾਰ ਵਿਚੋਂ।

ਸੂਰਜ ਸੱਚਦੇ ਧਰਮ ਲਿਆਏ ਚਾਨਣ,
ਮਿਲਦੀ ਮੁਕਤੀ ਜਿਦੇ ਦਰਬਾਰ ਵਿਚੋਂ।
ਢਠੇ ਹਿੰਦ ਦੇ ਮਹਿਲ ਉਸਾਰਨੇ ਲਈ,
ਜੀਵਨ ਬਖਸ਼ਿਆ ਖੰਡੇ ਦੀ ਧਾਰ ਵਿਚੋਂ।

ਤੇਰੇ ਬਿਨਾਂ ਏਂ ਸਾਰੇ ਸੰਸਾਰ ਅੰਦਰ,
ਕੋਈ ਪੁਤਾਂ ਨੂੰ ਵਾਰਦਾ ਵੇਖਿਆ ਨਹੀਂ।
ਕਟਨ ਲਈ ਕਲੇਸ਼ ਨਿਮਾਣਿਆਂ ਦੇ,
ਆਪੀ ਦੁਖ ਸਹਾਰਦਾ ਵੇਖਿਆ ਨਹੀਂ
ਥਾਂ ਇਟਾਂ ਦੀ ਜਿਗਰ ਦੇ ਲਾ ਟੋਟੇ,
ਕੋਈ ਮਹਿਲ ਉਸਾਰਦਾ ਵੇਖਿਆ ਨਹੀਂ।
ਤੇਰੇ ਜਿਹਾ ਯੋਧਾ ਕਲਗ਼ੀ ਵਾਲਿਆ,
ਕੋਈ ਧਨੀ ਤਲਵਾਰ ਦਾ ਵੇਖਿਆ ਨਹੀਂ।

ਛਾਤੀ ਜ਼ੁਲਮ ਦੀ ਸੜ ਸੁਵਾਹ ਹੋ ਗਈ,
ਲਾਟਾਂ ਨਿਕਲੀਆਂ ਜਦੋਂ ਤਲਵਾਰ ਵਿਚੋਂ।
ਮੇਰੇ ਸ਼ਹਿਨਸ਼ਾਹ ਸ਼੍ਰੀ ਦਸਮੇਸ਼ ਜੀ ਨੇ,
ਜੀਵਨ ਬਖਸ਼ਿਆ ਖੰਡੇ ਦੀ ਧਾਰ ਵਿਚੋਂ।

ਹੋਣਾਂ ਮਰਕੇ ਅਮਰ ਸਿਖਾ ਦਿਤਾ,
ਅੰਮ੍ਰਿਤ ਪਿਆ ਕੇ ਪੰਜਾਂ ਪਿਆਰਿਆਂ ਨੂੰ।
ਜ਼ੁਲਮ ਪਾਪ ਅੰਧੇਰ ਦੀ ਰਾਤ ਅੰਦਰ,
ਲਾਇਆ ਚੰਨ ਅਸਮਾਨ ਦੇ ਤਾਰਿਆਂ ਨੇ।
ਕੀਤੀ ਗਊ ਗ਼ਰੀਬ ਦੀ ਰਖਿਆ ਸੀ,
ਜ਼ਾਲਮ ਮਾਰਿਆ ਮਾਰ ਲਲਕਾਰਿਆਂ ਨੂੰ।
ਰਹੀ ਨੋੜ ਸਿਕੰਦਰ ਨੂੰ ਖ਼ਿਜ਼ਰ ਦੀ ਨਾ,
ਸੋਮਾਂ ਮਿਲਿਆ ਕਿਸਮਤ ਦੇ ਹਾਰਿਆਂ ਨੂੰ।

ਤੇਰੇ ਕੌਤਕ ਇਲਾਹੀ ਹਜ਼ੂਰ ਤਕ ਕੇ,
ਸਾਰਾ ਪੰਥ ਸੀ ਹੋਇਆ ਬਲਹਾਰ ਵਿਚੋਂ
ਗੁਜਰੀ ਮਾਂ ਦੇ ਅੱਖਾਂ ਦੇ ਨੂਰ ਚਾਨਣ,
ਜੀਵਨ ਬਖਸ਼ਿਆ ਖੰਡੇ ਦੀ ਧਾਰ ਵਿਚੋਂ।

ਬਿਜਲੀ ਚਮਕ ਪਈ ਸੀ ਨੀਲੇ ਅੰਬਰਾਂ ਚੋਂ,
ਤੇਰੀ ਤੇਗ਼ ਜਾਂ ਵਿਚੋਂ ਮਿਆਨ ਨਿਕਲੀ।
ਵੈਰੀ ਵਾਂਗ ਕਮਾਨ ਦੇ ਝੁਕੇ ਆ ਕੇ,
ਜਦੋਂ ਤੀਰ ਤੇ ਤੇਰੀ ਕਮਾਨ ਨਿਕਲੀ।
ਜੰਗ ਵਿਚ ਬਰਥਲੀਆਂ ਪੈ ਗਈਆਂ,
ਜਦੋਂ ਜੰਗ ਨੂੰ ਤੇਰੀ ਸੰਤਾਨ ਨਿਕਲੀ।
ਸ਼ਮ੍ਹਾਂ ਛਡ ਪਤੰਗ ਵੀ ਹੋਏ ਓਹਲੇ,
ਜਦੋਂ ਕੌਮ ਤੇਰੀ ਸਿਦਕਵਾਨ ਨਿਕਲੀ।

ਕਿਸੇ ਜੋਗੇ ਨੇ ਰੂਪ ਪਲਟਾਨ ਲਗਿਆ,
ਪਾਇਆ ਦਰਸ ਤੇਰਾ ਪਹਿਰੇ-ਦਾਰ ਵਿਚੋਂ।
ਹੈ ਸੀ ਖਾਲਸਾ ਪੰਥ ਰਚਾਨ ਬਦਲੇ,
ਜੀਵਨ ਬਖਸ਼ਿਆ ਖੰਡੇ ਦੀ ਧਾਰ ਵਿਚੋਂ।

ਤੇਰੇ ਅੰਮਰਿਤ ਦੇ ਬਾਟੇ ਚੋਂ ਪੀ ਅੰਮਰਿਤ,
ਤੇਰੇ ਸਿੰਘਾਂ ਬਰਥੱਲ ਮਚਾ ਦਿਤੇ।

ਤੇਰਾ ਅੰਮ੍ਰਿਤ ਜੇ ਕਿਸੇ ਆ ਚਿੜੀ ਪੀਤਾ,
ਉਹਨੇਂ ਬਾਜ਼ਾਂ ਦੇ ਛਕੇ ਛੁੜਾ ਦਿਤੇ।
ਤੇਰੇ ਬੀਰ ਅਣਖੀਲੇ ਦੁਲਾਰਿਆਂ ਨੇ,
ਜ਼ਾਲਮ ਮੌਤ ਦੀ ਗੋਦ ਸੁਲਾ ਦਿਤੇ।
ਸ਼ਮਸ ਖਾਨ ਵਜੀਦੇ ਜਲਾਲ ਵਰਗੇ,
ਤੇਰੇ ਬੰਦੇ ਨੇ ਬੰਦੇ ਬਣਾ ਦਿਤੇ।

ਤੇਰਾ ਦਿਲ ਦਸਮੇਸ਼ ਜੀ ਡੋਲਿਆ ਨਾ,
ਫੁਲ ਟੁਟ ਗਏ ਬਾਗ਼ ਪ੍ਰਵਾਰ ਵਿਚੋਂ।
ਧਰਮ ਆਨ ਸਚਾਈ ਦੀ ਰਖਿਆ ਲਈ,
ਜੀਵਨ ਬਖਸ਼ਿਆ ਖੰਡੇ ਦੀ ਧਾਰ ਵਿਚੋਂ।

–‡–:o:–‡–

ਨਿਕਲੇ ਤੇਗ਼ ਜਾਂ ਤੇਰੀ ਮਿਆਨ ਵਿਚੋਂ,
ਬਿਜਲੀ ਅੰਬਰਾਂ ਦੇ ਉਤੇ ਕੜਕਦੀ ਸੀ।
ਤੇਰੇ ਘੋੜੇ ਦੇ ਸੁਮਾਂ ਦੀ ਟਾਪ ਸੁਣ ਕੇ,
ਛਾਤੀ ਮੁਗ਼ਲ ਪਠਾਨਾਂ ਦੀ ਧੜਕਦੀ ਸੀ।
ਜਿਹੜੇ ਪਾਸੇ ਸੀ ਹੁੰਦੀ ਨਿਗਾਹ ਤੇਰੀ,
ਗੋਲੀ ਵੈਰੀ ਦੇ ਸੀਨੇ ਚਿ ਰੜਕਦੀ ਸੀ।
ਕਰਦਾ ਜਦੋਂ ਸੈਂ ਚੰਡੀ ਦਾ ਵਾਰ ਸ਼ੇਰਾ,
ਤੇਰੇ ਲਾਗੇ ਨਾ ਮੌਤ ਵੀ ਫੜਕਦੀ ਸੀ।

ਅਣਖੀ ਸੂਰਮਾਂ ਧੰਨੀ ਤਲਵਾਰ ਵਾਲਾ,
ਦਿੰਦਾ ਮੂੰਹ ਵਰਿਆਮਾਂ ਦੇ ਫੇਰ ਸੈਂ ਤੂੰ।
ਐਵੇਂ ਸ਼ੇਰੇ ਪੰਜਾਬ ਨਹੀਂ ਕਿਹਾ ਜਾਂਦਾ,
ਸਚ ਮੁਚ ਪੰਜਾਬ ਦਾ ਸ਼ੇਰ ਸੈਂ ਤੂੰ।

ਤੇਰੇ ਸਾਂਹਵੇਂ ਨਾ ਸੂਰਮਾਂ ਕੋਈ ਹੁੰਦਾ,
ਸਾਰੇ ਝੁਕ ਕੇ ਕਰਨ ਅਦਾਬ ਤੈਨੂੰ।
ਭੇਟ ਕਰਨ 'ਸੂਬੇ' ਆਕੇ ਕਈ ਸੂਬੇ,
ਢੋਏ ਢੋਨ ਸੁਲਤਾਨ ਨਵਾਬ ਤੈਨੂੰ।
ਕਿਸੇ ਮਾਈ ਦੇ ਲਾਲ ਨੇ ਨਹੀਂ ਕਰਨਾ,
ਜਿਹੜਾ ਆਂਵਦਾ ਸੀ ਹਿਸਾਬ ਤੈਨੂੰ।
ਤੇਰੇ ਸੀਸ ਤੇ ਅਕਲ ਨੇ ਤਾਜ ਰਖਿਆ,
ਕਹਿੰਦੀ ਬੀਰਤਾ 'ਸ਼ੇਰੇ-ਪੰਜਾਬ' ਤੈਨੂੰ।

ਜਿਨ੍ਹਾਂ ਅੱਖਾਂ ਚਿ ਲਾਲਸਾ ਨਜ਼ਰ ਆਈ,
ਉਹਨਾਂ ਵਾਸਤੇ ਧੰਨੀ-ਕੁਬੇਰ ਸੈਂ ਤੂੰ।
ਐਵੇਂ ਸ਼ੇਰੇ ਪੰਜਾਬ ਨਹੀਂ ਕਿਹਾ ਜਾਂਦਾ,
ਸਚ ਮੁਚ ਪੰਜਾਬ ਦਾ ਸ਼ੇਰ ਸੈਂ ਤੂੰ।

ਤੇਰੇ ਵਿਚ ਨਾ ਦੂਈ ਦਾ ਨਾਮ ਹੈ ਸੀ,
ਇਕੋ ਅੱਖ ਇਨਸਾਨ ਨੂੰ ਵੇਖਦਾ ਸੈਂ।
ਜਿਵੇਂ ਵੇਖਦਾ ਸੈਂ ਹਿੰਦੂ ਸਿਖ ਭਾਈਂ,
ਓਸੇ ਤਰ੍ਹਾਂ ਮੁਸਲਮਾਨ ਨੂੰ ਵੇਖਦਾ ਸੈਂ।
ਜਿਹੜੀ ਅੱਖ ਥੀਂ ਵਿਹੰਦਾ ਗ਼ਰੀਬ ਨੂੰ ਸੈਂ,
ਓਸੇ ਨਾਲ ਸੁਲਤਾਨ ਨੂੰ ਵੇਖਦਾ ਸੈਂ।
ਜਿਵੇਂ ਵੇਦਾਂ ਦੇ ਵਲ ਸੀ ਨਜ਼ਰ ਤੇਰੀ,
ਓਵੇਂ ਤੂੰ ਕੁਰਾਨ ਨੂੰ ਵੇਖਦਾ ਸੈਂ।

ਹੈ ਸੋਂ ਦੇਵਤਾ ਤੂੰ ਤੇ ਏਕਤਾ ਦਾ,
ਨਹੀਂ ਜਾਣਦਾ ਮੇਰ ਤੇ ਤੇਰ ਸੈਂ ਤੂੰ।
ਸੇਵਕ, ਐਵੇਂ ਨਹੀਂ ਸ਼ੇਰੇ ਪੰਜਾਬ ਕਹਿੰਦਾ,
ਸਚ ਮੁਚ ਪੰਜਾਬ ਦਾ ਸ਼ੇਰ ਸੈਂ ਤੂੰ।

ਮਹਾਂਰਾਣੀ ਜਿੰਦਾਂ ਦੀ ਸਰਦਾਰ ਸ਼ਾਮ ਸਿੰਘਜੀ

ਅਟਾਰੀ ਨੂੰ ਚਿਠੀ

ਮਾਰਕੇ ਫੂਕੇ ਘਰ ਦਿਆਂ, ਜਾਂ ਸੀਣੇ, ਸਾੜੇ
ਦਿਨ ਦੀਵੇ ਲੁਟਾਂ ਪੈ ਗਈਆਂ, ਆ ਵਗੇ ਧਾੜੇ
ਸਾਹ ਨ ਆਵੇ ਸੁਖ ਦਾ, ਜਿੰਦ ਪਈ ਪਵਾੜੇ
ਉਬਲੇ ਦਿਲ ਹਲਵਾਈ ਕੋਈ, ਜਿਉਂ ਦੁਧ ਨੂੰ ਕਾੜੇ
ਰਾਜ ਭਾਗ ਲਈ ਭੋਗਰਾ, ਪਿਆ ਵੇਲਾ ਤਾੜੇ
ਮਨ-ਆਈਆਂ ਉਸ ਕੀਤੀਆਂ, ਰਜ ਪ ਏ ਪਵਾੜੇ

ਜਿੰਦ ਤਾਂ ਰਾਣੀ ਜਿੰਦ ਵੀ ਡਾਹਢੀ ਘਬਰਾਈ
ਭੇਜਾਂ ਚਿਠੀ ਸ਼ਾਮ ਸਿੰਘ ਉਸ ਮਨ ਠਹਿਰਾਈ
ਲਿਖ ਕੇ ਪਹਿਲ ਅਰਦਾਸ ਨੂੰ ਵਿਚ ਗਲ ਸਮਝਾਈ
ਵੈਰੀ ਦੇਸ਼ ਪੰਜਾਬ ਤੇ ਕਰ ਆਇਆ ਧਾਈ

ਉਹ ਪਿਆ ਵੰਗਾਰੇ ਵਜਕੇ ਚੰਡੀ ਚਮਕਾਈ
ਜੋ ਆਵੇ ਮੇਰੇ ਸਾਹਮਣੇ ਨਹੀਂ ਜੰਮਿਆਂ ਮਾਈ

ਏਦਾਂ ਲਿਖ ਕੇ ਪਤਰਕਾ ਉਸ ਦਾਸੀ ਘਲੀ
ਪੜ੍ਹ ਕੇ ਛਾਤੀ ਸਿੰਘ ਦੀ ਕੋਈ ਜਵਾਲਾ ਬਲੀ
ਉਹਦੀ ਸੁਤੀ ਹੋਈ ਆਤਮਾਂ ਉਸ ਆਨ ਦਬਲੀ
ਉਸ ਸੋਧੀ ਆਖ ਅਰਦਾਸ ਇਹ ਗੁਰ ਕਰਨੀ ਭਲੀ
ਉਸ ਮੌਤ ਨੂੰ ਜਾਤਾ ਖੇਡ ਵਾਂਗ ਸਿਰ ਧਰ ਕੇ ਤਲੀ
ਆਈ ਲਹਿਰ ਕੋਈ ਜੋਸ਼ ਦੀ ਨ ਜਾਵੇ ਠਲੀ

ਚਨੀ ਪੜ੍ਹੀ ਜਾਂ ਬੀਰ ਨੇ ਰੋਹ ਏਨਾਂ ਚੜ੍ਹਿਆ
ਪਲ ਭਰ ਉਸ ਤੋਂ ਉਸ ਥਾਂ ਨ ਜਾਵੇ ਖੜ੍ਹਿਆ
ਲੰਬੂ ਲਗਾ ਆਨ ਕੇ ਉਹ ਦਾ ਸੀਨਾ ਸੜਿਆ
ਕਸ ਕੇ ਓਦੋਂ ਜ਼ੀਨ ਨੂੰ ਚੀਨੇ ਤੇ ਚੜ੍ਹਿਆ
ਪਿਛੇ ਸੁਟ ਕੇ ਪੌਣ ਨੂੰ ਸਭਰਾਵਾਂ ਵੜਿਆ
ਜਵਾਨਾ ਦੀ ਜਿੰਦ ਨਿਕਲੀ ਜਾਂ ਤੇਗ ਨੂੰ ਫੜਿਆ

ਉਸ ਜਾ ਕੇ ਮਰਦ ਮੈਦਾਨ ਵਿਚ ਛਡਿਆ ਜੈਕਾਰਾ
ਪਰਬਤ ਉਨੇ ਕੰਬ ਕੇ ਜਿਉਂ ਤੜਫੇ ਪਾਰਾ
ਸਾਗਰ ਦਾ ਦਿਲ ਉਛਲਿਆ ਨ ਕਰੇ ਖਲਾਰਾ
ਤਾਂ ਨੱਭ ਵਿਚਾਲੋਂ ਟੁਟਿਆਂ ਜਿਉਂ ਟੁਟੇ ਤਾਰਾ
ਤਾਂ ਸਤੇ ਧਰਤਾਂ ਕੰਬੀਆਂ ਸੁਨ ਜੋਸ਼ ਹੁਲਾਰਾ
ਵੈਰੀ ਮੂੰਹ ਪਾ ਉਂਗਲਾਂ ਰਿਹਾ ਵੇਖ ਨਜ਼ਾਰਾ

ਉਸ ਕਢੀ ਤੇਗ਼ ਮਿਆਨ 'ਚੋਂ ਤਾਂ ਬਿਜਲੀ ਕੜਕੀ
ਉਹਦੇ ਤੇਜੋਂ ਸੂਰਜ ਸਹਿਮਆਂ ਜਿੰਦ ਜੁਸੇ ਰੜਕੀ
ਆ ਕੇ ਦੁਸ਼ਮਨ ਦਲਾਂ ਚਿ' ਕੋਈ ਜਵਾਲਾ ਭੜਕੀ
ਵੈਰੀ ਦੀ ਉਹ ਵਿੰਹਦਿਆਂ ਹਿਕ ਚੌੜੀ ਧੜਕੀ
ਉਸ ਸੁਟ ਕੇ ਅਗ ਮੈਦਾਨ ਵਿਚ ਇੰਜ ਸੈਨਾ ਤੜਕੀ
ਜਿਉਂ ਧਰੀ ਹੋਈ ਚੁਲੇ ਅੱਗਦੇ ਕੋਈ ਭਾਜੀ ਗੜਕੀ

ਗੜ ਗੜ ਕਰ ਕੇ ਗਜਿਆ ਸਿੰਘ ਸੂਰਾ ਭਾਰੀ
ਤੜ ਤੜ ਵਾਉ ਦਾ ਤੇਗ਼ ਉਹ ਰਣਬੀਰ ਕਰਾਰੀ
ਕੜ ਕੜ ਕੀਤੇ ਭਕਰੇ ਧਰ ਧਰ ਕੇ ਆਰੀ
ਚੜ ਚੜ ਚੋਟਾਂ ਮਾਰੀਆਂ ਬੀਰੇ ਬਲਕਾਰੀ
ਲੜ ਲੜ ਲੀਤੇ ਸੂਰਮੇਂ ਕਰ ਜ਼ੋਰਾ ਵਾਰੀ
ਫੜ ਫੜ ਫਟੜ ਕਰ ਗਿਆ ਸਿੰਘ ਸ਼ਾਮ ਅਟਾਰੀ

ਪਿਆ ਆਖੇ ਵਿਚ ਮੈਦਾਨ ਦੇ ਨ ਜਾਣਾ ਹਟ ਕੇ
ਆਵੋ ਬੀਰ ਬਹਾਦਰੋ ਜੇ ਲੜਨਾ ਡਟ ਕੇ
ਪਾ ਕੇ ਪੈਰ ਅਗੇਰੜੇ ਹਥ ਵੇਖੋ ਜਟ ਕੇ
ਕਰਾਂ ਮੈਂ ਬਕਰੇ ਜਾਣ ਕੇ ਅਜ ਤੁਹਾਡੇ ਝਟਕੇ
ਮੈਂ ਪੁਤਰ ਗੋਬਿੰਦ ਸਿੰਘ ਦਾ ਨਹੀਂ ਦਿਲ ਕੋਈ ਖਟਕੇ
ਮੈਂ ਲਾੜਾ ਮੌਤ ਵਿਹਾਵਨੀ ਪਿਆ ਆਖਾਂ ਰਟਕੇ

ਖੜਾ ਮੈਦਾਨੀ ਸ਼ੇਰ ਉਹ ਕੋਈ ਬਬਰ ਗਜੇ
ਉਸ ਚੰਡੀ ਚਮਕੇ ਬਿਜਲੀ ਹਥ ਸੋਹਣੇ ਸਜੇ

ਉਹਨੂੰ ਮੌਤ ਸੁਨੇਹਾ ਘਲਦੀ ਆ ਜਿਸ ਨੂੰ ਵਜੇ
ਪੜ੍ਹਦੇ ਦੇਸ਼ ਪੰਜਾਬ ਦੇ ਉਹ ਅਣਖੀ ਕਜੇ
ਉਹ ਆਖੇ ਵਿਚ ਮੈਦਾਨ ਦੇ ਲਾ ਲਾ ਕੇ ਧਜੇ
ਆਵੇ ਮਰਦ ਮੈਦਾਨ ਉਹ ਜੋ ਪ੍ਰਾਨਾਂ ਤਜੇ

ਉਸ ਬੀਰ ਬਹਾਦਰ ਸੂਰਮੇਂ ਆ ਚੰਡੀ ਵਾਹੀ
ਪਕੇ ਖੇਤ ਕਿਰਸਾਨ ਨੇ ਜਿਉਂ ਵਾਢੀ ਪਾਈ
ਉਸ ਕਾਹਲੀ ਕੀਤੀ ਇਸ ਤਰ੍ਹਾਂ ਜਿਉਂ ਕਰਦਾ ਲਾਈ
ਫੌਜਾ ਚਾਰ ਹਜ਼ਾਰ ਦੀ ਕਰ ਗਿਆ ਸਫਾਈ
ਹੋ ਹੋ ਮੇਮਾਂ ਰੰਡੀਆਂ ਕੋਈ ਦੇਨ ਦੁਹਾਈ
ਉਹਦੋਂ ਵਿਚ ਵਲੈਤ ਨ ਥਤੀ ਕਿਸੇ ਜਗਾਈ

ਲੜਦੇ ਲੜਦੇ ਉਸਦਾ ਆ ਮੁੜਕਾ ਚੋਇਆ
ਉਹਦੀ ਵੇਖ ਜਵਾਨੀ ਮੌਤ ਨੇ ਆ ਢੋਹਾ ਢੋਇਆ
ਉਹਦਾ ਸੀਨਾ ਢਾਂਗੂੰ ਢਾਲ ਦੇ ਫਨ ਫਨਨੀ ਹੋਇਆ
ਤਾਂ 'ਸੇਵਕ' ਦੇਸ਼ ਪੰਜਾਬ ਦਾ ਤਕਦੀਰ ਨੇ ਖੋਇਆ

—‡—:o:—‡—

ਿਖ-ਸਿਪਾਹੀ

ਮੇਰੇ ਦਿਲ ਵਿਚ ਜਜ਼ਬੇ ਕਹਿਰ ਦੇ,
ਪਏ ਆਵਨ ਕਈ ਖਿਆਲ
ਮੇਰੇ ਜੁਸਿਓਂ ਰਤ ਪਈ ਖੌਲਦੀ,
'ਤੇ' ਮੁੜ ੨ ਉਠਨ ਉਬਾਲ
ਿਰ ਪੈਰੋਂ ਧਰਤੀ ਕੰਬਦੀ,
ਜਿਓਂ ਆਵੇ ਕੋਈ ਭੂੰਚਾਲ
ਮੇਰੀ ਤੇਜ਼ਾ ਨੰ ਵੈਰੀ ਖਾਵਨੇ,
ਰੂਪ ਧਾਰ ਕੇ ਕਾਲ
ਮੇਰਾ ਜੋਸ਼ ਅੰਗਮਾਂ ਕਹਿਰ ਦਾ,
ਕੋਈ ਨਵਾਂ ਲਿਆਵੇ ਸਾਲ
ਮੈਂ ਜਾਨਾਂ ਕਵਾਂ ਜੁਸਿਓਂ,
ਜਿਓਂ ਮਖਣ ਵਿਚੋਂ ਵਾਲ
ਮੈਂ ਸਿਰੀਆਂ ਖਿਦੂ ਰੇੜਨੇ,
ਰਨ - ਭੂਮੀਂ ਬਨਨੀ ਥਾਲ

ਜਿਸ ਪਰਤ ਪਿਛਾਂ ਨੂੰ ਆਵਨਾਂ,
ਨਹੀਂ ਮਾਂ ਕੋਈ ਜਮਿਆਂ ਲਾਲ

ਮੇਰੇ ਜ਼ਹਿਰੀ ਤੀਰ ਕਰੁੰਚਾਂ ਏ,
ਪਾਨ ਦੁਪਹਿਰੀ ਰੈਣ
ਮੇਰੀ ਤੇਗ਼ ਨੇ ਵੈਰੀ ਖਾਵਨੇ,
ਰੂਪ ਧਾਰ ਕੇ ਡੈਣ
ਮੈਂ ਓਧਰ ਲਾਂਬੂ ਲਾਵਨੇ,
'ਨੰ' ਜਿਧਰ ਕਰਨੇ ਨੈਣ
ਕਿਸੇ ਮਾਂ ਦੇ ਮੁੜਨਾਂ ਪੁਤ ਨਾ,
ਕਿਸੇ ਵੀਰ ਨਾ ਤਕਨਾ ਭੈਣ
ਕਿਸੇ ਸਜ-ਵਿਆਹੀ ਕਿਸੇ ਦੀ
ਪਏ ਰਜ ਰਜ ਕਰਨੇ ਵੈਣ
ਉਥੇ ਲੋਥਾਂ ਮਛੀਆਂ ਵਾਂਗਰਾਂ,
ਪਈਆਂ ਰਤ ਵਿਚ ਗੋਤੇ ਲੈਣ
ਮੈਂ ਜੁਸਿਓਂ ਰਤ ਨਿਚੋੜਨੀ,
ਤੇ ਜਿਹੇ ਵਗਾਨੇ ਵਹਿਣ
ਮੈਂ ਹਲ ਚਲੀ ਪੈਨੀ ਦਲਾਂ ਨੂੰ,
ਬਣ ਜਾਨੀ ਫੋਜ ਸੁਦੈਣ

ਮੈਂ ਚਾੜ' ਕੇ ਬੇੜੀ ਤੇਗ਼ ਦੀ,
ਕਈ ਪੂਰ ਦੇਨੇ ਨੇ ਤਾਰ
ਮੈਂ ਪੈਰ ਪਿਛਾਂ ਨਹੀਂ ਪਰਤਨਾ,
ਭਾਂਵੇਂ ਸਭ ਕੁਛ ਜਾਵਾਂ ਹਾਰ

ਮੇਰੀ ਰੰਗ ਵਿਚ ਨਾਰ ਨਵੇਲੜੀ,
ਮੇਰੀ ਜੰਗ ਵਿਚ ਜਿਤ ਤਲਵਾਰ
ਮੈਂ ਖੰਡਾ ਹਥੀਂ ਸੂਤ ਕੇ,
ਧੜਾਂ ਤੋਂ ਲੌਨੇਂ ਭਾਰ
ਮੈਂ ਭੜਥੂ ਜਾ ਕੇ ਪਾਵਨੇ,
ਤੇ ਕਰਨੀ ਮਾਰੋ ਮਾਰ
ਮੈਂ ਜੰਗ ਦੇ ਅੰਦਰ ਜਾਂਦਿਆਂ,
ਲੈਨੀ ਫੋਜ ਲਲਕਾਰ
ਮੇਰੇ ਤਸੇ ਤੀਰਾਂ ਵਿਨ੍ਹੇ,
ਜੋ ਫੁਲੀਂ ਕਰਦੇ ਖਾਰ
ਜੋ ਆਏ ਦਮਾਮੇਂ ਪੀੜ ਕੇ,
ਜ਼ੋਰਾ - ਵਰ ਸਰਦਾਰ
ਮੈਂ ਮੌਤ ਵਿਖਾਲੀ ਦੇਵਨੀਂ,
ਮਾਰੂ ਮੇਰੇ ਹਥਿਆਰ
ਜਾਂ ਗੜ ਗੜ ਵਰ੍ਹੀਆਂ ਗੋਲੀਆਂ,
ਤਾਂ ਗੋਲਨ ਗੇ ਕਈ ਗਾਰ
ਮੈਂ ਵੈਰੀ ਜਮ ਪੁਰ ਘਲਨੇ,
ਨਹੀਂ ਕਸੇ ਨੇ ਲੈਣੀ ਸਾਰ
ਮੇਰੇ ਬਰਛੇ ਭਾਲੇ ਤੇਗ ਨੇ,
ਪੌਨੀ ਏ ਛਨਕਾਰ

ਮੇਰੀ ਜਾਨ ਪਰਾਹੁਨੀ ਦਿਨਾਂ ਦੀ,
ਹੈਵੇ ਵਿਚ ਜਹਾਨ
ਮੈਂ ਕੋਮੀਂ ਅਣਖ ਉਭਾਰਨੀ,
ਰਖਣੀ ਸਿਖੀ ਸ਼ਾਨ

ਮੈਂ ਹੁਕਮ ਵਜਾਨਾਂ ਪੰਥ ਦਾ,
ਜੋ ਹੋਵੇ ਪ੍ਰਵਾਨ
ਮੈਂ ਔਕੜ ਸਿਰੀਂ ਸਹਾਰਨੀ,
ਰਹਿਤਾਂ ਛਾਤੀ ਤਾਨ
ਮੇਰੇ ਡੋਲੇਂ ਰੋਹ ਵਿਚ ਫਰਕਦੇ,
ਤੇ ਜੀਭਾ ਕਢਨ ਬਾਨ
ਮੈਂ 'ਸੇਵਕ' ਅਪਣੀ ਕੌਮ ਦਾ,
ਮੇਰੀ ਏਸੇ ਵਿਚ ਕਲਿਆਨ ।

—:—:—

ਭਿਖਾਰੀ

ਦਾਤਾ ?
ਮੰਗਨ ਲਈ ਹੈ ਆਇਆ,
ਤੇਰੇ ਦਰ ਭਿਖਾਰੀ ।

ਕਰ ਦੇ ਕਰ ਦੇ ਪੂਰੀ ਇੱਛਿਆ
ਝੋਲੀ ਦੇ ਵਿਚ ਪਾ ਦੇ ਭਿੱਛਿਆ

ਦਰ ਅਪਣੇ ਤੋਂ ਮੋੜ ਨ ਖ਼ਾਲੀ
ਨਹੀਂ ਕੋਈ ਔਨਾਂ ਨਿਤ ਸਵਾਲੀ
ਤੇਰੇ ਦਰ ਨ ਥੋੜ ਹੈ ਕੋਈ
ਮੰਗਨ ਆਇਆਂ ਲੋੜ ਹੈ ਕੋਈ
ਤੂੰ ਹੈਂ ਮਾਲਕ ਜਗ ਦਾ ਦਾਤਾ
ਤੂੰ ਹੈਂ ਪਾਲਕ ਜਗ ਦਾ ਦਾਤਾ
ਤੂੰ ਸਾਹਿਬ ਮੈਂ ਬੰਦਾ ਤੇਰਾ
ਮੈਨੂੰ ਤੇਰੇ ਮਾਨ ਦਾ ਭਰੋਸਾ

ਤੂੰ ਹੈ ਦਾਤਾ ਮੈਂ ਭਿਖਾਰੀ
ਤੂੰ ਹੈ ਠਾਕਰ ਮੈਂ ਪੁਜਾਰੀ

ਵਸਦੇ ਰਹਿਣ ਦਵਾਰੇ ਤੇਰੇ
ਮੰਗਨ ਆਇਆਂ ਪਿਆਰੇ ਤੇਰ

ਦਾਤਾ ?

ਮੰਗਨ ਲਈ ਹੈ ਆਇਆ
ਤੇਰੇ ਦਰ ਭਿਖਾਰੀ ।

ਕਰ ਦੇ ਕਰ ਦੇ ਪੂਰੀ ਇਛਿਆ
ਝੋਲੀ ਦੇ ਵਿਚ ਪਾ ਦੇ ਭਿਛਿਆ

ਐਸਾ ਮੈਂ ਕੋਈ ਦਾਨ ਨ ਮੰਗਾਂ
ਦੌਲਤ ਤੇ ਸੰਤਾਨ ਨ ਮੰਗਾਂ

ਨ ਲਾਵਾਂ ਮੈਂ ਝੂਠ ਬਹਾਨੇ
ਨ ਗਾਵਾਂ ਮੈਂ ਇਸ਼ਕ ਤਰਾਨੇ

ਹੁਸਨ ਦੀਆਂ ਨ ਭਰੀਆਂ ਮੰਗਾਂ
ਮੈਂ ਕੋਈ ਪਟ ਨ ਜ਼ਰੀਆਂ ਮੰਗਾ

ਸਾਥਨ ਕੋਈ ਨ ਪਿਆਰੀ ਮੰਗਾਂ
ਨ ਕੋਈ ਮਹਿਲ ਅਟਾਰੀ ਮੰਗਾਂ

ਨ ਦਰੀਆਂ ਕੋਈ ਗਲੀਚੇ ਮੰਗਾਂ
ਨ ਕੋਈ ਬਾਗ ਬਗੀਚੇ ਮੰਗਾਂ

ਕੋਈ ਹੁਸਨ ਦੀ ਲੋੜ ਨ ਮੈਨੂੰ
ਦੌਲਤ ਦੀ ਕੋਈ ਥੋੜ ਨ ਮੈਨੂੰ

"ਕੁਚਲ ਕਠੋਰ ਹਉਂ ਕਪਟੀ ਕਾਮੀ
ਜਿਉਂ ਜਾਨੇ ਤਿਉਂ ਤਾਰ ਸਵਾਮੀ"

ਦਾਤਾ ?

ਮੰਗਠ ਲਈ ਹੈ ਆਇਆ
ਤੇਰੇ ਦਰ ਭਿਖਾਰੀ ।

ਕਰ ਦੇ ਕਰ ਦੇ ਪੂਰੀ ਇਛਿਆ
ਝੋਲੀ ਦੇ ਵਿਚ ਪਾ ਦੇ ਇਛਿਆਂ

"ਹਮਰੀ ਕਰੋ ਹਾਥ ਦੇ ਰਛਾ
ਪੂਰਨ ਹੋਏ ਚਿਤ ਕੀ ਇਛਾ

ਤਵ ਚਰਨਨ ਮਨ ਰਹੇ ਹਮਾਰਾ
ਅਪਣਾ ਜਾਨ ਕਰੋ ਪਰਿਤ–ਪਾਰਾ

ਹਮਰੇ ਦੁਸ਼ਟ ਸਭੇ ਤੁਮ ਘਾਵੋ
ਆਪ ਹਾਥ ਦੇ ਮੋਹੇ ਬਚਾਵੋ

ਚੀਟੀ ਤੇ ਕੁੰਚਰ ਅਸਥੂਲਾ
ਸਭ ਪਰ ਕਿਰਪਾ ਦਰਸ਼ਟ ਕਰ ਫੂਲਾ

ਤੁਮ ਹੋ ਸਭ ਰਾਜਨ ਕੇ ਰਾਜਾ
ਆਪੇ ਆਪ ਗਰੀਬ ਨਿਵਾਜਾ

ਅਪਣਾ ਜਾਨ ਕਰੋ ਰਖਵਾਨ
ਬਾਂਹਿ ਗਹੇ ਕੀ ਲਾਜ ਬਿਚਾਰ

ਦਾਖ ਲੇਹੁ ਮੋਏ ਰਾਖਨ ਹਾਰੇ
ਕਿਰਪਾ ਨਿਧ ਕਰਨਾ ਮੋ ਤਾਰੇ

ਸੇਵਕ ਕੋ ਪ੍ਰਭ ਪਾਲਨ ਹਾਰਾ
ਸੇਵਕ ਕੀ ਰਾਖੇ ਨਿਰੰਕਾਰਾ

ਖੜਗ ਕੇਤ ਮੋ ਸਰਨ ਤਿਹਾਰੀ
ਆਪ ਹਾਥ ਦੇ ਲੇਹੁ ਉਬਾਰੀ

ਸਰਬ ਠੌਰ ਮੋ ਹੋ ਸਹਾਈ
ਦੁਸ਼ਟ ਦੇਖ ਤੇ ਲੇਹੁ ਬਚਾਈ

ਕਹੁ ਨਾਨਕ ਹਮ ਨੀਚ ਕਰਮਾ
ਸਰਨ ਪਰੇ ਕੀ ਰਾਖੋ ਸਰਮਾ

—:—:—

ਸੋਹਣਾਂ ਅੰਮਰਤ ਦਾ ਸਰ ਗਿਰੰਥ ਤੇਰਾ,
ਦੁਨੀਆਂ ਰਹਿਨ ਤੋੜੀ ਜਿਹੜਾ ਸੁਕਨਾ ਨਹੀਂ।
ਸ਼ੇਰੇ ਦਸਮ ਦਾ ਦਸਮ ਗਿਰੰਥ ਰਚਿਆਂ,
ਜਿਸਦਾ ਤੀਰ ਨਿਸ਼ਾਨਿਓਂ ਦੁਕਨਾਂ ਨਹੀਂ।
ਚੜਿਆ ਸੂਰਜ ਏ ਹੀਰ ਇਤਹਾਸ ਤੇਰਾ,
ਜਿਸ ਦਾ ਚਾਨਣਾਂ ਕਦੇ ਵੀ ਮੁਕਨਾ ਨਹੀਂ।
ਸਾਗਰ ਵਾਂਗਰਾਂ ਖੁਲਾ ਏ ਵਹਿਨ ਤੇਰਾ,
ਜਿਹੜਾ ਕਿਸੇ ਦੇ ਰੋਕਿਆਂ ਰੁਕਨਾਂ ਨਹੀਂ।

ਗਿਟ ਮਿਟ ਜਿਹੀ ਆਨ ਕੇ ਨਵੀਂ ਉਤੋਂ,
ਭਾਂਵੇਂ ਦਿਤਾ ਏ ਕਰ ਖੁਵਾਰ ਬੋਲੀ।
ਤੇਰੇ ਇਕ ਦੇ ਅਗੇ ਨ ਅਟਕ ਸਕੇ,
ਸਾਹਵੇਂ ਕਰੇ ਕੋਈ ਭਾਵੇਂ ਹਜ਼ਾਰ ਬੋਲੀ।

ਖਿਚਨ ਦਿਲਾਂ ਨੂੰ ਮਿਕਨਾ ਤੀਸ ਵਾਂਗੂੰ,
ਮਿਸਰੀ ਵਾਂਗਰਾਂ ਮਿਠੜੇ ਬੋਲ ਤੇਰੇ।
ਤੈਨੂੰ ਕਿਸੇ ਵੀ ਗੱਲ ਦੀ ਕਮੀਂ ਕੋਈ ਨਹੀਂ,
ਲਖਾਂ ਰਤਨ ਭੰਡਾਰੇ ਨੇ ਕੋਲ ਤੇਰੇ।
ਵਾਰਸ ਸ਼ਾਹ, ਨੂੰ ਲਗੀ ਜਾਂ ਲਾਗ ਤੇਰਾ,
ਕੀਤੇ ਓਸ ਨੇ ਨਾਲ ਕਲੋਲ ਤੇਰੇ।
'ਸ਼ਰਫ, ਜਿਹਾਂ ਦਾ ਤੈਨੂੰ ਹੈ ਸ਼ਰਫ ਹਾਸਲ,
'ਵੀਰ ਸਿੰਘ, ਜਿਹੇ ਸੇਵਕ ਅਡੋਲ ਤੇਰੇ!

ਮੇਰਾ ਜੀਵਨ ਦੇਸ਼ ਪੰਜਾਬ ਲਈ ਏਸ ਲਈ ਮਰਨ ।
ਮੈਂ ਕਹਿਣਾ ਸਿਖਿਆ ਏਸ ਲਈ ਏਸੇ ਲਈ ਕਰਨਾ ।
ਮੈਂ ਡੁਬਨਾ ਸਿਖਿਆ ਏਸ ਲਈ ਏਸੇ ਲਈ ਤਰਨਾ ।
ਮੈਂ ਜਿਤਨਾਂ ਸਿਖਿਆ ਏਸ ਲਈ ਏਸੇ ਲਈ ਹਰਨਾ ।
ਕੋਈ ਆਸਾਂ ਪਕ ਖੇਤ ਤੇ ਆ ਨਾੜਾ ਵਰਾਵੇ।
ਮੈਂ ਗਭਰੂ ਦੇਸ਼ ਪੰਜਾਬ ਦਾ ਮੈਨੂੰ ਕੌਣ ਦਬਾਵੇ

ਸੁਵਰਗੋਂ ਵਧ ਕੇ ਸੋਹਣੀਆਂ ਖਿੜੀਆਂ ਗੁਲਜ਼ਾਰਾ ।
ਇਹਦੀ ਧਰਤੀ ਰੰਗੀ ਖੂਨ ਨਾਲ ਬਗੀਆਂ ਤਲਵਾਰਾਂ ।
ਇਹਨੂੰ ਜੀਵਨ ਭੇਟਾ ਚਾੜ੍ਹਿਆ ਸਿਰ-ਲਬ ਸਰਦਾਰਾਂ ।
ਰਾਵਨ ਗਭਰੂ ਦੇਸ਼ ਦੇ ਵਿਚ ਜਗ ਦੇ ਵਾਰਾਂ ।
ਮੈਂ ਸਾੜਾਂ ਸੀਨਾ ਓਸਦਾ ਜੋ ਮੈਨੂੰ ਤਾਵੇ ।
ਮੈਂ ਗਭਰੂ ਦੇਸ਼ ਪੰਜਾਬ ਦਾ ਮੇਰੇ ਸਚੇ ਦਾਹਵੇ ।

ਮੈਂ ਸਦਕੇ ਕਰਨੀ ਦੇਸ਼ ਤੋਂ ਅਪਣੀ ਜ਼ਿੰਦਗਾਨੀ ।
ਹੈ ਉਠਨੀ ਜ਼ੁਲਮ ਦੇ ਟਾਕਰੇ ਹੁਣ ਮੇਰੀ ਕਾਨੀ ।
ਮੈਂ ਸਭ ਕੁਛ ਇਸ ਤੋਂ ਵਾਰਨਾ ਹੈ ਜੋਸ਼ ਜਵਾਨੀ ।
ਮੈਂ ਮਰਨਾ ਦੇਸ਼ ਪੰਜਾਬ ਲਈ ਇਹ ਦਿਲ ਵਿਚ ਠਾਨੀ ।
ਮਰੇ ਡੋਲੇ ਘੜੇ ਫੌਲਾਦ ਦੇ ਨਹੀਂ ਕਚ ਦੇ ਬਾਵੇ ।
ਮੈਂ ਗਭਰੂ ਦੇਸ਼ ਪੰਜਾਬ ਦਾ ਮੈਨੂੰ ਕੌਣ ਦਬਾਵੇ ।

ਮੈਨੂੰ ਯਾਦ ਕਦੇ ਨਹੀਂ ਭੁਲਨੀ ਜੋ ਆ ਕੇ ਬੀਤੀ ।
ਨਹੀਂ ਕਿਸੇ ਮੁਸੀਬਤ ਵੇਖਨੀ ਜੋ ਮੁਲ ਮੈਂ ਲੀਤੀ ।

ਮੈਂ ਜਿਸਮ ਕਰਾਇਆ ਆਪਣਾ ਹੱਸ ਫੀਤੀ ਫੀਤੀ ।
ਮੈਂ ਕੌਲ ਕਦੇ ਨਹੀਂ ਹਾਰਿਆ ਜੋ ਦਿਲ ਵਿਚ ਨੀਤੀ ।
ਉਹ ਹਾਲ ਪੜ੍ਹੇ ਜਮਰੌਦ ਦਾ ਜੋ ਪੜ੍ਹਨਾ ਚਾਹਵੇ ।
ਮੈਂ ਗਭਰੂ ਦੇਸ਼ ਪੰਜਾਬ ਦਾ ਮੈਨੂੰ ਕੌਣ ਦਬਾਵੇ ।

ਖਹਿ ੨ ਨਾਲ ਤੂਫਾਨ ਦੇ ਲਿਖੀਆਂ ਤਕਦੀਰਾਂ ।
ਅਜੇ ਸਾਹਵੇਂ ਨਜ਼ਰੀ ਔਂਦੀਆਂ ਖੂਨੀ ਤਸਵੀਰਾਂ ।
ਕਈ ਰਾਂਝੇ ਇਹਦੇ ਦਵਾਰ ਤੇ ਰਹੇ ਮੰਗਦੇ ਹੀਰਾਂ ।
ਤਾਂ ਨਕਸ਼ਾ ਬਨੇ ਸਵਰਗ ਦਾ ਜਾਂ ਵਗਨ ਸਮੀਰਾਂ ।
ਜਾਂ ਚਕਰ ਬਾਬੇ ਦੀਪ ਦਾ ਆ ਚੇਤੇ ਜਾਵੇ ।
ਤਾਂ ਛਾਤੀ ਤਾਨ ਕੇ ਆਖਨਾ ਮੈਨੂੰ ਕੌਣ ਦਬਾਵੇ ।

ਮੇਰਾ ਇਹੋ ਰੋਕਲ ਮਥਰਾ ਇਹ ਪਾਕ ਮਦੀਨਾਂ ।
ਮੇਰਾ ਇਹੋ ਲਾਲ ਜਵਾਹਰ ਹੈ ਪੁਖਰਾਜ ਨਗੀਨਾਂ ।
ਮੇਰੀ ਸਧਰ ਦਿਲੀ ਚਿਰੋਕਨੀ ਜੋ ਸਾਂਭੇ ਸੀਨਾਂ ।
ਮੈਂ ਧਰਤੀ ਇਹ ਨਹੀਂ ਛਡਨੀ ਹੋ ਜਾਏ ਵਰੀਨਾਂ ।
ਮੈਂ ਬੈਠਾ ਵਿਚ ਬੈਕੁੰਠ ਦੇ ਕੋਈ ਕਢਨਾਂ ਚਾਹਵੇ ।
ਉਹ 'ਸੈਚਕ' ਮਾਂ ਨਹੀਂ ਜੰਮਿਆਂ ਜੋ ਆਨ ਦਬਾਵੇ ।

—:—:—

"ਰਾਵੀ ਤੇ ਚੰਨ"

ਸੀਤਲ ਸੁੰਦਰ ਸੋਮ ਪਿਆਰੇ,
ਤੇਰੀਆਂ ਨੂਰੀ ਲਸਾਂ ।
ਚਾਂਦੀ ਚੌਕ ਕੀਤੇ ਨੇ ਸਾਰੇ,
ਪਾਕੇ ਅਰਸ਼ੀ ਕਸਾਂ ।
ਨਿਰਮਲ ਨੂਰੀ ਸੋਮੇਂ ਵਗਨ,
ਲਗਦੀ ਰੈਨ ਸੁਹਾਵੀ ।
ਤੇਰੀ ਮੂਰਤ ਦਿਲ ਵਿਚ ਰੱਖ ਕੇ,
ਵਗਦੀ ਪਈ ਏ ਰਾਵੀ ।
ਰਲ ਮਿਲ ਸਈਆਂ ਪੀਂਘ ਬਨਾ ਕੇ,
ਲਹਿਰਾਂ ਦੇਨ ਹੁਲਾਰੇ ।
ਪਿਆਰ ਤੇਰੇ ਵਿਚ ਖੀਵੇ ਹੋਏ,
ਝਿਲ ਮਿਲ ਕਰਦੇ ਤਾਰੇ ।
ਨੂਰ ਤੇਰਾ ਹਰ ਪਾਸੇ ਫਿਰਿਆ,
ਨਾਜ਼ ਕਰੇ ਪਈ ਜੋਤੀ ।

ਸਿੱਖ ਦੇ ਜਜ਼ਬਾਤ

ਉਹ ਕੌਣ ਹੈ ? ਮੇਰੇ ਦੇਸ਼ ਤੇ, ਜੋ ਰੁਹਬ ਜਮਾਵੇ।
ਮੈਂ ਤਾਕਤ ਵੇਖਾਂ ਓਸ ਦੀ ਜੋ ਸਾਹਵੇਂ ਆਵੇ।
ਮੈਂ ਆਨਾ ਕੱਢਾਂ ਓਸ ਦਾ ਜੋ ਅੱਖ ਵਿਖਾਵੇ।
ਮੈਂ ਦਾਹੜਾਂ ਭੰਨਾਂ ਉਹਦੀਆਂ ਜੋ ਉਂਗਲ ਚਾਵੇ।
ਮੈਂ ਮਝੀਂ ਚੁੰਘੀਆਂ ਬੁਰੀਆਂ ਨਹੀਂ ਪੀਤੇ ਕਾਹਵੇ।
ਮੈਂ ਗਭਰੂ ਦੇਸ਼-ਪੰਜਾਬ ਦਾ ਮੈਨੂੰ ਕੌਣ ਦਬਾਵੇ।

ਮੈਂ ਕਲਗ਼ੀਧਰ ਦਮੇਸ਼ ਦਾ ਹੈ ਅੰਮ੍ਰਿਤ ਪੀਤਾ।
ਮੈਂ ਤੇਜ਼ ਤੇਗ ਦੀ ਧਾਰ ਚੋਂ ਹੈ ਜੀਵਨ ਲੀਤਾ।
ਮੇਰਾ ਰਿਸ਼ਤਾ ਮੁਢੋਂ ਮੌਤ ਨਾਲ ਦਰਗਾਹੋਂ ਸੀਤਾ।
ਮੈਂ ਮਰਨਾ ਅਪਣੇ ਦੇਸ਼ ਲਈ ਇਹ ਪ੍ਰਣ ਹੈ ਕੀਤਾ।
ਮੈਂ ਪੜ੍ਹਿਆ ਪਾਠ ਰਣਜੀਤ ਤੋਂ ਮੈਨੂੰ ਕੌਣ ਭੁਲਾਵੇ।
ਮੈਂ ਗਭਰੂ ਦੇਸ਼-ਪੰਜਾਬ ਦਾ ਮੈਨੂੰ ਕੌਣ ਦਬਾਵੇ।

ਤੇਰੇ ਲੋਹੇ ਨੂੰ ਮੰਨੇ ਸੰਸਾਰ ਸਾਰਾ,
ਤੈਨੂੰ ਆਖਦੇ ਤਾਈਓਂ ਸਰਦਾਰ ਬੋਲੀ ।
ਸ਼ੋਭਾ ਵੇਖਕੇ ਤੇਰੀ ਜਹਾਨ ਅੰਦਰ,
ਝੁਕਸੀ ਸਾਹਮਨੇਂ ਤੇਰੇ ਹਜ਼ਾਰ ਬੋਲੀ ।

ਤੇਰੀ ਯਾਦ ਵਿਚ ਕੇਰੇ ਹੋਏ 'ਚਾਰ ਹੰਝੂ,
ਬਨੀ ਝੱਗ ਅੰਦਰ ਯਾਦਗਾਰ ਤੇਰੀ ।
'ਚੰਦਨ ਵਾੜੀ, ਨੇ ਦੁਨੀਆਂ ਨੂੰ ਮਹਿਕ ਦਿਤੀ,
'ਸੁਨੈਹਿਰੀ ਕਲੀਆਂ,ਨੇ ਸੋਹਣੀ ਗੁਲਜ਼ਾਰ ਤੇਰੀ।
ਤੇਰੇ 'ਚਮਕਦੇ ਤਾਰੇ ਨੇ ਅਰਸ਼ ਉਤੇ,
'ਸਾਵੇ ਪਤਰ, ਨੇ ਸਦਾ ਬਹਾਰ ਤੇਰੀ ।
ਤੈਨੂੰ 'ਮਾਨ ਸਰੋਵਰ, ਨੇ ਮਾਨ ਦਿਤਾ,
ਸ਼ੋਭ ਰਹੀ ਏ 'ਪਰਲੇ ਪਾਰ ਤੇਰੀ ।

ਦਿਨੇ ਸੂਰਜ ਤੇ ਰਾਤ ਨੂੰ ਚੰਨ ਵਾਂਗੂੰ,
ਲਸ਼ਾਂ ਮਾਰੇ ਗੀ ਵਿਚ ਸੰਸਾਰ ਬੋਲੀ,
ਆ ਕੇ ਓਪਰੇ ਸਾਹਿਤ ਦੇ ਕਹਿਨ ਬਾਨੀ।
ਤੇਰੀ ਬੋਲੀ ਤੋਂ ਵਾਰਾਂ ਹਜ਼ਾਰ ਬੋਲੀ,

'ਨਾਨਕ ਸਿੰਘ, 'ਨਵਤੇਜ, ਗੁਰਬਖਸ਼. 'ਦਰਸ਼ਨ,
ਕੀਤਾ ਰੱਜਕੇ ਸੋਚ ਸਤਕਾਰ ਤੇਰਾ ।
'ਚਾਤ੍ਰਕ,'ਵੀਰ,'ਕੁੰਦਨ,'ਸਾਬਰ,'ਤੀਰ,'ਮਾਹੀਆ,
'ਨੂਰ ਪੁਰੀ, ਤੇ 'ਆਸੀ, 'ਕਰਤਾਰ ਤੇਰਾ ।
'ਮੋਹਨ, ਮਾਨ, 'ਹਮਦਮ, 'ਸੁਦੰਰ, ਚਰਨ, ਫਾਨੀ,
'ਗੋਹਰ, 'ਰਾਏ, ਨੂੰ ਸਦਾ ਪਿਆਰ ਤੇਰਾ ।

'ਬਰਕਤ ਰਤਨ, ਹਜ਼ਾਰਾ, ਮੁਸ਼ਤਾਕ, ਵਹਿਮੀ,
ਦਰਦੀ, ਕਮਲਾ, ਨਾਜ਼, ਪ੍ਰਵਾਰ, ਤੇਰਾ ।
ਦੇ ਦੇ ਕੁਦਰਤੀ ਰੰਗ ਸੰਸਾਰ ਅੰਦਰ,
ਤੈਨੂੰ ਦੇਨ ਗੇ ਸਾਰੇ ਸ਼ਿੰਗਾਰ ਬੋਲੀ ।
ਦੁਨੀਆਂ ਦੂਰੀ ਆਂ ਕੇ ਕਹੇ "ਸੇਵਕ,,
ਤੇਰੀ ਬੋਲੀ ਤੋਂ ਵਾਰਾਂ ਹਜ਼ਾਰ ਭੋਲ਼ੀ ।

—:—:—

"ਪੰਜਾਬੀ ਬੋਲੀ"

ਸ਼ੀਤਲ ਚੰਨ ਕਿ ਸ਼ਹਿਦ ਦੀ ਭੈਣ ਮਿਠੀ,
ਗੀਤ ਗਾਂਵਦੀ ਜੇਹੜੀ ਮੁਟਿਆਰ ਬੋਲੀ ।
ਲਟੱਕ ਮਟੱਕ ਅਦਾਵਾਂ ਤੇ ਨਾਜ਼ ਅੰਦਰ,
ਸੁਨੀ ਕੰਨਾਂ ਥੀਂ ਜਦੋਂ ਸਰਕਾਰ ਬੋਲੀ ।
ਇਟਲੀ ਚੀਨ ਫਰਾਂਸ ਜਾਪਾਨ ਜਰਮਨ,
ਬੋਲ ਸਕਦਾ ਕੋਈ ਨਾ ਪਾਰ ਬੋਲੀ ।
ਪੋਠੋਹਾਰ, ਮਦਰਾਸ, ਬੰਗਾਲ ਸਾਰੇ,
ਇਹੋ ਜਿਹੀ ਨ ਵਿਚ ਸੰਸਾਰ ਬੋਲੀ ।

ਸੁਨ ਕੇ ਲੈ ਮੈਂ ਝੁਮਿਆਂ ਆਨ ਉੱਤੇ,
ਮੇਰੇ ਦਿਲ ਦੀ ਤਾਰ ਪੁਕਾਰ ਬੋਲੀ ।
ਸੁੰਦਰ ਸੁਘੜ ਪੰਜਾਬ ਦੀ ਰਾਣੀਏਂ ਨੀ,
ਤੇਰੀ ਬੋਲੀ ਤੋਂ ਵਾਰਾਂ ਹਜ਼ਾਰ ਬੋਲੀ ।

'ਰਾਜ-ਹੰਸ, ਵਿਚ ਮਾਨ ਸਰੋਵਰ,
ਤਾਰੇ ਲਗਦੇ ਮੋਤੀ ।
ਰਾਵੀ ਨਾਲ ਕਰੇ ਇਹ ਗਲਾਂ,
ਤੇਰਾ ਰੂਪ ਪਿਆਰਾ ।
ਜਿਸਨੇ ਹਿੱਕ ਤੇ ਰੱਖ ਕੈਮਰਾ,
ਫੋਟੋ ਖਿਚਿਆ ਬਾਰਾ ।

—:—:—

ਹਿੰਦੁਸਤਾਨ ਨੂੰ ਆਜ਼ਾਦ ਹੋਣ ਤੋਂ ਪਹਿਲਾਂ

ਆਜ਼ਾਦੀ ਦਾ ਸੰਦੇਸ਼

ਓ ਆਸ਼ਕਾ ਇਮਤਿਹਾਂ ਲਈ
ਮਜ਼ਮੂਨ ਕਰਨੇ ਪੈਣ ਗੇ
ਮਨਜ਼ੂਰ ਮੇਰੇ ਕੁਲ ਇਹ
ਕਾਨੂੰਨ ਕਰਨੇ ਪੈਣ ਗੇ

ਇਹ ਸਾਜ਼ ਛੜਨੇ ਪੈਣ ਗੇ
ਇਹ ਰਾਗ ਛੜਨੇ ਪੈਣ ਗੇ
ਸੂਲਾਂ ਤੇ ਸੌਣਾ ਪਵੇਗਾ
ਸੁਹਾਗ ਛੜਨੇ ਪੈਣ ਗੇ

ਇਹ ਦਿਲ ਛੜਨੇ ਪੈਣ ਗੇ
ਦਿਲਦਾਰ ਛੜਨੇ ਪੈਣ ਗੇ
ਮੇਰੀ ਪ੍ਰੀਤੀ ਪੌਣ ਲਈ
ਕਈ ਯਾਰ ਛੜਨੇਂ ਪੈਣ ਗੇ

ਦਿਨ ਚਾਣਨੇ ਨਹੀਂ ਲਭਨੇ
ਤੇ ਘੁਪ ਨ੍ਹੇਰੇ ਪੈਣ ਗੇ
ਜੀਵਨ ਸੁਖੀ ਤਾਂ ਮਿਲੇਗਾ
ਦੁਖਾਂ ਦੇ ਘੇਰੇ ਪੈਣਗੇ

ਫਾਂਸੀਆਂ ਦੇ ਰਸਿਆਂ ਦੀ
ਪੀਂਘ ਪਾਉਨੀ ਪਵੇ ਗੀ
ਤੇਗ਼ ਦੀ ਤਾਂ ਧਾਰ ਤੇ
ਜਵਾਨੀ ਨਚੌਨੀ ਪਵੇਗੀ

ਮੇਰਾ ਭਿਖਾਰੀ ਬਨਨ ਲਈ
ਕੋਈ ਜੋਗ ਕਮਾਠਾ ਪਵੇਗਾ
ਸਿਰ ਦੀ ਸੋਹਣੀ ਖੋਪਰੀ
ਕਾਸਾ ਬਨਾਠਾ ਪਵੇਗੀ

ਸੀਨਿਆਂ ਨੂੰ ਢਾਲ ਕੇ
ਜੋਤਾਂ ਜਗਾਈਆਂ ਜਾਨੀਆਂ
ਮੌਤ ਨੂੰ ਜਫੀਆਂ ਪੌਨੀਆਂ
ਰੀਤਾਂ ਚਲਾਈਆਂ ਜਾਨੀਆਂ

ਘਰ ਘਾਟ ਉਜੜ ਜਾਣਗੇ
ਸਭ ਸਫਾਈਆਂ ਹੋਣੀਆਂ
ਖੰਜਰ ਪਿਆਲੇ ਬਨਨਗੇ
ਸੂਲਾਂ ਸੁਰਾਹੀਆਂ ਹੋਨੀਆਂ

ਚਰਖੀਆਂ ਤੇ ਚਾੜ੍ਹ ਕੇ
ਤੁੰਬੇ ਉੜਾਏ ਜਾਣ ਗੇ
ਦੇਹੀ ਦੇ ਫਟੇ ਚੀਰ ਕੇ
ਤਖਤੇ ਬਨਾਏ ਜਾਣ ਗੇ

ਪਿਆਰੀ ਰਾਣੀ ਮੌਤ ਦੀ
ਗੋਦੀ ਬਠਾਇਆ ਜਾਏਗਾ
ਅਖਾਂ ਦੇ ਚਾਨਣ ਵਾਰ ਕੇ
ਹਨੇਰਾ ਮਿਟਾਇਆ ਜਾਏਗਾ
ਬਰਬਾਦੀਆਂ ਨੇ ਹੋਣੀਆਂ
ਆਬਾਦੀਆਨੇ ਢਹਿਨਗੇ
ਹਥੀਂ ਏ ਕਰਨੀਆਂ ਪੈਣੀਆ
ਕਾਰਖਾਨੇ ਢਹਿਨਗੇ
ਦੇਗਾਂ 'ਚ ਉਬਲਨਾ ਪਵੇਗਾ
ਭਠੀਆਂ ਵਿਚ ਸੜਨਾ ਪਵੇਗਾ
ਹਸ ਕੇ ਪਿਆਰੀ ਮੌਤ ਦੇ
ਮੂੰਹ ਚਿ ਵੜਨਾ ਪਵੇਗਾ
ਸ਼ਹਿਰਾਂ ਦੇ ਖੰਡਰ ਹੋਣਗੇ
ਪਿਆਰਾਂ ਦੀ ਵਸਤੀ ਬਨੇਗੀ
ਗੋਲੀਆਂ ਨੂੰ ਖਾ ਕੇ
ਬੀਰਾਂ ਦੀ ਹਸਤੀ ਬਨੇਗੀ
ਸਧਰਾਂ ਦੇ ਸਿਹਰੇ ਪੌਨ ਲਈ
ਜੀਵਨ ਬਨਾਨਾ ਪਵੇਗਾ
ਘਾਲ ਘਾਲਨ ਦੇ ਲਈ
'ਸੇਵਕ' ਜੋਬਨ ਗਵਾਨਾ ਪਵੇਗਾ

—:—:—

"ਗ਼ਰੀਬੀ ਤੇ ਹੁਸਨ"

ਮਹਿਕੇ ਬਾਗ਼ ਹੁਸਨ ਦਾ ਸੋਹਣਾ,
ਡਿਠੀ ਮੈਂ ਇਕ ਨਾਰੀ ।
ਲੀਰਾਂ ਲੀਰਾਂ ਲੀੜੇ ਹੋਏ
ਸੂਹਤ ਸੋਹਣੀ ਸਾਰੀ ।

ਨਾਸ਼ ਹੁਸਨ ਨਾ ਝਲੇ ਜਾਵਨ
ਜੋਬਨ ਭਰੀ ਜਵਾਨੀ ।
ਲੁਟ ਲੈਂਦੀ ਸੀ ਦਿਲ ਰਾਹੀ ਦਾ
ਉਹਦੀ ਅਖ ਮਸਤਾਨੀ ।

ਜ਼ੁਲਫ ਉਹਦੀ ਦੇ ਫਨੀਅਰ ਕਾਲੇ
ਗੁਝੇ ਡੰਗ ਚਲਾਵਨ ।
ਫਸ ਜਾਵਣ ਜੋ ਜ਼ੁਲਫ ਫਾਹੀ ਵਿਚ
ਬਚ ਕੇ ਮੂਲ ਨ ਜਾਵਨ ।

ਵੇਖ ਵੇਖ ਕੇ ਸੂਰਤ ਉਹਦੀ
ਆਸ਼ਕ ਹੋਣ ਹਜ਼ਾਰਾਂ ।
ਲਖਾਂ ਫਟੇ ਆਨ ਮੁਸਾਫਰ
ਉਹਦੇ ਨੈਣ ਕਟਾਰਾਂ ।

ਹੋਵਨ ਰੂਪ ਫੁਲ ਦੇ ਉਤੇ
ਲਖਾਂ ਭੌਰ ਦੀਵਾਨੇ ।
ਜੋਤ ਜੋਬਨ ਤੇ ਸੜਦੇ ਆਕੇ
ਆਸ਼ਕ ਕਈ ਪ੍ਰਵਾਨੇ ।

ਨਜ਼ਰਾਂ ਲਾਈਆਂ ਰੂਪ ਚੰਨ ਤੇ
ਲਖਾਂ ਆਨ ਚਕੋਰਾਂ ।
ਮਹਿਕ ਕਲੀ ਦੀ ਲੁਟਨ ਕਾਰਨ
ਝੁਰਮਟ ਪਾਇਆ ਭੌਰਾਂ ।

ਨੂਰੀ ਝਲਕਾਂ ਚੇਹਰੇ ਉਤੇ
ਏਦਾਂ ਨਜ਼ਰੀ ਆਵਨ ।
ਚੰਨ ਦਵਾਲੇ ਤਾਰੇ ਜੀਕੂੰ
ਲੋਟ ਪੋਟ ਹੋ ਜਾਵਨ ।

ਮਟਕ ਮਟਕ ਉਹ ਤੋਰਾਂ ਤੁਰਦੀ
ਹਰ ਅੰਗ ਮਟਕੀਂ ਭਰਿਆ ।
ਜਿਉਂ ਜਾਪੇ ਜਿਉਂ ਦਿਲ ਓਸਦਾ
ਇਸ਼ਕ 'ਝਨਾ' ਵਿਚ ਤਰਿਆ ।

ਪਾੜ ਪਾੜ ਕੇ ਲੀਰਾਂ ਵਿਚੋਂ
ਪਿੰਡਾ ਲਿਸ਼ਕਾਂ ਮਾਰੇ ।

ਓਸ ਰੂਪ ਦੀ ਰਾਣੀ ਉਤੇ,
ਜੀਵਨ ਦੇ ਨਜ਼ਾਰੇ ।

ਦੇਰ ਲਗਾਅਾਂ ਵੀ ਹੁਸਨ ਉਸ ਨੂੰ
ਖਬਰੇ ਰਬ ਸੀ ਭੁਲਾ ।
ਝੂਠ ਬੋਲਨੋ ਵਧ ਓਸ ਤੇ
ਜੋਬਨ ਹੈ ਸੀ ਭੁਲ੍ਹਾ ।

ਹੇਠ ਓਸ ਦੇ ਬਿੰਬ ਦੀ ਮੂਰਤ
ਕਸ਼ਮੀਰੀ ਸੇ ਰੁਖਸਾਰਾਂ ।
ਦੌਲਤ ਆਖੇ ਸਭ ਕੁਛ ਉਸ ਤੋਂ
ਸੌ ਸੌ ਵਾਰੀ ਵਾਰਾਂ ।

ਭੁਲਦਾ ਜੋਬਨ ਸਾਂਹਬਨ ਦੇ ਲਈ
ਕਈ ਉਸ ਕੀਤੇ ਹੀਲੇ ।
ਆਪਣੇ ਰੂਪ ਦਾ ਜਾਦੂ ਪਾਕੇ
ਲਖਾਂ ਦਿਲ ਸੀ ਕੀਲੇ ।

ਗੁਤੀ ਹੋਈ ਰੂਪ ਦੇ ਅੰਦਰ
ਜੋਬਨ ਮਤੀ ਨਾਰੀ ।
ਭੁਲ ਰਹੀ ਸੀ ਉਸ ਦੇ ਉਤੇ
ਅਰਸ਼ੀ ਸੁੰਦਰਤਾ ਸਾਰੀ ।

ਖੁਲੇ ਰਾਤ ਦੇ ਹਨੇਰੇ ਅੰਦਰ
ਚੰਦ ਮੁਖ ਲਸਾਂ ਮਾਰੇ ।
ਜਿਉਂ ਸਾਵਨ ਦੇ ਬਦਲਾਂ ਵਿਚੋਂ
ਬਿਜਲੀ ਕੋਈ ਲਿਸ਼ਕਾਰੇ ।

ਵੇਲਾਂ ਵਾਂਗੂੰ ਪਿਆਰ ਦੇ ਪੇਚੇ
ਏਦਾਂ ਗਿਰਦੇ ਛਾਏ ।
ਸਜਰ ਵਿਆਹੀ ਜਿਉਂ ਕੋਈ ਨਾਰੀ
ਰੂਠਾ ਕੰਤ ਮਨਾਏ ।

ਲੋੜ-ਵੰਦ ਦੀ ਲੋੜ ਹੁਸਨ ਦੀ
ਕੀਤੀ ਰਬ ਨੇ ਪੂਰੀ ।
ਦੌਲਤ ਖੋਈ ਮਾਨ ਹੁਸਨ ਦਾ
ਖਾਹਸ਼ ਰਹੀ ਅਧੂਰੀ ।

ਖਿੜਿਆ ਹੋਇਆ ਚਮਨ ਓਸਦਾ
ਸੀ ਖਿਜ਼ਾਂ ਦੀ ਰੁਤੇ ।
ਵੇਖ 'ਸੇਵਕ' ਸੀ ਕਹਿਨਾ ਪੈਂਦਾ
ਹੁਸਨ ਗਰੀਬਾਂ ਉਤੇ ।

—:—:—

ਗ਼ਦਾਰ ਨਾ ਬਣ

ਜੇ ਨਹੀਂ ਫੁਲ ਗ਼ੁਲਾਬ ਦਾ ਬਣਨ ਜੋਗਾ,
ਚੁਭਨ ਵਾਸਤੇ ਕਿਸੇ ਨੂੰ ਖਾਰ ਨ ਬਣ।
ਜੇਕਰ ਨਹੀਂ ਮੁਹੱਬਤ ਦੇ ਕਰਨ ਵਾਲਾ,
ਝੂਠਾ ਯਾਰ ਬਣ ਕੇ ਮਿਤਰ-ਮਾਰ ਨ ਬਣ।
ਜੇਕਰ ਫਟਾਂ ਤੇ ਮਰਹਮ ਨਹੀਂ ਲਾ ਸਕਦਾ,
ਫਟ ਕਰਨ ਨੂੰ ਤਾਂ ਤਲਵਾਰ ਨ ਬਣ।
ਸੇਵਕ ਅਣਖ ਤੇ ਆਨ ਜੇ ਯਾਦ ਰਖੇਂ,
ਘਾਤਕ ਦੇਸ਼ ਦਾ ਕੌਮੀ ਗ਼ਦਾਰ ਨ ਬਣ।

—:—:—

ਦਾਤੇ ਦੇ ਦਰ ਤੇ

ਆ ਤੇਰੇ ਮੈਂ ਦਰ ਤੇ ਦਾਤਾ।
ਮੰਗਨਾਂ ਇਕ ਸੁਗਾਤ।
ਪੂਰੀ ਹੁੰਦੀ ਸੁਣਿਐ ਸਾਰੇ।
ਜੋ ਕੋਈ ਕਰਦਾ ਬਾਤ।
ਦੇ ਦਾਤਾਰ ਖਜ਼ਾਨੇ ਵਿਚੋਂ।
ਅਪਣੇ ਸੇਵਕ ਤਾਈਂ।
ਨਾਮ ਖੁਮਾਰੀ ਨਾਨਕਾ।
ਚੜੀ ਰਹੇ ਦਿਨ ਰਾਤ।

—:—:—

ਆਪਣੇ ਵੀਰ ਖ਼ਦਾਰ ਹੁਕਮ ਸਿੰਘ ਜੀ ਦੇ
ਅਕਾਲ ਚਲਾਨੇ ਕਰ ਜਾਣ ਤੇ ਉਹਨਾਂ ਦੇ ਫੁਲ

ਰੰਗਾ ਨੂੰ ਸੋਂਪਣੀ

ਰੰਗਾ ਵਿਚ ਪ੍ਰਵਾਹੁਨ ਲਗਿਆਂ:–

ਮਾਤਾਂ ? ਕੀਤੇ ਨੇ ਆਨ ਕੇ ਭੇਟ ਤੇਰੀ,
ਇਹ ਮੈਂ ਆਪਣੇ ਸੋਹਣੇ ਗੁਲਜ਼ਾਰ ਦੇ ਫੁਲ
ਇਹਨਾਂ ਪ੍ਰੇਮ ਕਲਾਵੇ ਵਿਚ ਸਾਂਭ ਰਖੀਂ
ਵਿਛੜ ਜਾਨ ਨ ਕਿਤੇ ਦਿਲਦਾਰ ਦੇ ਫੁਲ
ਪਰਦੇ ਲਹਿਰਾਂ ਦੇ ਇਹਦੇ ਤੇ ਪਾਈ ਰਖੀਂ
ਇਹ ਨੇ ਕਿਸੇ ਅਨੋਖੇ ਪਿਆਰ ਦੇ ਫੁਲ
ਸਦਾ ਇਹਨਾਂ ਦੀ ਸ਼ਾਨ ਵਡਿਆਈ ਰਖੀਂ
ਚਲਿਆ ਦੇ ਹਾਂ ਤੈਨੂੰ ਸ਼ਿੰਗਾਰ ਦੇ ਫੁਲ
ਮਾਲਾ ਇਹਨਾਂ ਦੀ ਗਲੇ ਪ੍ਰੋਈ ਰਖੀਂ
ਇਹ ਨੇ ਕਿਸੇ ਨੋ–ਲਖੜੇ ਹਾਰ ਦੇ ਫੁਲ
ਲੂ ਖਿੜਾਂ ਦੀ ਆਨ ਝਲੂ ਦਿਤੇ,
ਇਹ ਸਨ ਮਹਿਕਦੇ ਮੇਰੀ ਬਹਾਰ ਦੇ ਫੁਲ
ਤੇਰੇ ਵਾਂਗ ਹੈ ਇਹਨਾਂ ਦਾ ਮਠ ਨਿਰਮਲ
ਭੇਟਾ ਕੀਤੇ ਨੇ ਜਿਹੜੇ ਸਰਕਾਰ ਦੇ ਫੁਲ
ਅਜ ਅਥਰੂ ਜਿਦੇ ਕੋਈ ਪੂੰਜਦਾ ਨਹੀਂ
ਮੇਰੇ ਪਿਤਾ ਦੇ ਨੇ ਬਰਖ਼ੁਰਦਾਰ ਦੇ ਫੁਲ
ਲੁਟਿਆ ਗਿਆ ਹੈ ਜਿਸਦਾ ਰਾਜ ਸਾਰਾ
ਭਾਭੋ ਰਾਣੀ ਦੇ ਇਹ ਸਰਦਾਰ ਦੇ ਫੁਲ
ਤੈਨੂੰ ਇਹਨਾਂ ਦੀ ਸੋਪਣੀਂ ਕਰਨ ਲਗਾਂ

ਤੇਰੇ ਕੋਲ ਨੇਂ ਇਹ ਉਪਕਾਰ ਦੇ ਫੁਲ
ਇਹਨਾਂ ਵਸਨਾਂ ਸਦਾ ਹੁਣ ਦੇਸ਼ ਤੇਰੇ
ਕਦੀ ਇਹ ਸਨ ਮੇਰੇ ਸੰਸਾਰ ਦੇ ਫੁਲ
ਰਖੀ ਜਿੰਦ ਦੇ ਵਾਂਗ ਸੰਭਾਲ ਸੇਵਕ
ਆਏ ਹੋਏ ਨੀ ਅੰਤਲੀ ਵਾਰ ਦੇ ਫੁਲ

—:—:—

ਕਸ਼ਮੀਰ

ਨਜ਼ਾਰਾ ਅਰਸ਼ ਦਾ
ਜੋ ਫਰਸ਼ ਤੇ ਨਜ਼ਰ ਆਵੇ
ਸੁਵਰਗਾਂ ਤੋਂ ਸੋਹਣੀ
ਤਸਵੀਰ ਮੇਰੀ ਏ

ਜਨਮ ਭੂਮੀ ਇਹ ਹੈ
ਹਿੰਦ ਦੇ ਖੇਵਨ ਹਾਰ ਦੀ
ਚੰਦ ਵਾਂਗੂੰ ਚਮਕਨੀਂ
ਤਕਦੀਰ ਮੇਰੀ ਏ

ਕਹਿਣਾਂ ਕਿਸੇ ਨੂੰ ਕੁਛ ਨਹੀ
ਜੋ ਸੁਤੇ ਜਗਾਵੇ ਨਾਗ ਨ
ਚਿਰਾ ਤੋਂ ਸੋਚੀ ਹੋਈ
ਤਦਬੀਰ ਮੇਰੀ ਏ

ਭਾਂਬੜ ਮਚਾਏ ਕਿਸੇ ਨੇ
ਸੁਟ ਕੇ ਸ਼ੁਅਲੇ ਅਗ ਦੇ
ਸਾੜੇ ਗੀਂ ਸੀਨਾ ਓਸ ਦਾ
ਸ਼ਮਸ਼ੀਰ ਮੇਰੀ ਏ

ਜਾਣਾਂ ਨਹੀਂ ਖੇੜਿਆਂ ਨਾਲ।
ਏਸ ਨੇ ਹੈ ਜੁਗਾਂ ਤੀਕ।
ਰਾਂਝਾ ਹਾਂ ਮੈਂ ਇਸ ਦਾ।
ਇਹ ਹੀਰ ਮੇਰੀ ਦੇ।

ਕੀਤੇ ਨੇ ਕੋਰੇ ਕਾਗਜ਼ਾਂ ਤੇ
ਮੈਂ ਖ਼ੂਨ ਨਾਲ ਦਸਤ-ਖ਼ਤ
ਮੈਂ ਹਾਂ ਕਸ਼ਮੀਰ ਦਾ
ਕਸ਼ਮੀਰ ਮੇਰੀ ਏ।

ਛੱਡ ਕੇ ਸਜਾਵਟ ਪਰਸ ਦੀ
ਖੰਡੇ ਨੂੰ ਹਥੀਂ ਸੂਤ ਕੇ
ਮੁਟਿਆਰ ਮੇਰੇ ਦੇਸ਼ ਦੀ
ਮੁੜ ਛਤਰਾਣੀ ਬਨੇਂਗੀ।

ਏਸੇ ਹੀ ਮੁੜ ਕੇ ਦੇਸ਼ ਚੋਂ
ਪ੍ਰਤਾਪ ਪੈਦਾ ਹੋਣਗੇ
ਕੁੜੀ ਇਕ ੨ ਹਿੰਦ ਦੀ
ਝਾਂਸੀ ਦੀ ਰਾਣੀ ਬਨੇਂਗੀ।

ਦੀਪ ਕੌਰਾਂ ਸੁੰਦਰੀਆਂ
ਨੇ ਕਈ ਨਜ਼ਰੀ ਔਣੀਆਂ
ਲਿਖੀ ਉਹਨਾਂ ਦੀ ਵਾਰਤਾਂ
ਸਚੀ ਕਹਾਣੀ ਬਨੇਂਗੀ।

ਸਾੜੀ ਦੇ ਲਪੇ ਦੀ ਥਾਂ
ਤਲਵਾਰ ਨੇ ਸ਼ਿੰਗਾਰ ਨੀ
ਤਾਰੀਖ ਨਾਰੀ ਕਾਂਡਦੀ
ਨੂਰੀ ਨਿਸ਼ਾਣੀ ਬਨੇਗੀ।

ਢਠੇ ਦਿਲਾਂ ਨੂੰ ਵੇਖ ਕੇ
ਉਤਾਂ ਉਠਾਵਨ ਵਾਸਤੇ
ਜੁੰਬਸ਼ ਇਹ ਕਲਮ ਦੀ
ਅਕਸੀਰ ਮੇਰੀ ਏ।

ਜ਼ਿੰਦਗੀ ਨੂੰ ਹੱਸ ਕੇ
ਕਸ਼ਮੀਹ ਉੱਤੋਂ ਵਾਰਨਾਂ
ਮੈਂ ਹਾਂ ਕਸ਼ਮੀਰ ਦਾ
ਕਸ਼ਮੀਰ ਮੇਰੀ ਏ।

ਛੱਡ ਕੇ ਤਰਾਨੇ ਇਸ਼ਕ ਦੇ
ਬਨਨੈਂ ਸਿਪਾਹੀ ਦੇਸ਼ ਦਾ
ਕਲਮ ਥਾਵੇਂ ਹਥ ਵਿਚ
ਤਲਵਾਰ ਆਵੇਗੀ।

ਰੋਹ ਚਿ ਡੋਲੇ ਫਰਕਨੇਂ
ਮੈਦਾਨ ਅੰਦਰ ਜਾਂਦਿਆਂ
ਤੇਗਾਂ ਦੀ ਵੰਗਾਂ ਵਾਂਗਰਾਂ
ਛਣਕਾਰ ਆਵੇਗੀ।

ਬਚਪਨ ਤੋਂ ਜਿਦੇ ਨਾਲ
ਪਾਏ ਨੇ ਪੇਚੇ ਪ੍ਰੇਮ ਦੇ
ਬਨ ਠਨ ਜੇ ਸਾਹਮਣੇ
ਸਰਕਾਰ ਆਵੇਗੀ।

ਹੁਸਨ ਨੂੰ ਵੀ ਦੇਸ਼ ਤੋਂ।
ਕੁਰਬਾਨ ਕਰ ਦਾਂਗਾ।
ਹਾੜੇ ਜੋ ਮੈਨੂੰ ਪੌਣ ਨੂੰ।
ਮੁਟਿਆਰ ਆਵੇਗੀ।

ਸ਼ਾਇਰ ਵਤਨ ਦਾ ਹਾਂ।
ਜ਼ਿੰਦਗੀ ਦੇਸ਼ ਦੀ ਏ।
ਲਿਖੀ ਹੋਈ ਕਲਮ ਦੀ।
ਤਹਿਰੀਰ ਮੇਰੀ ਏ।

ਜੀਵਨ ਜਵਾਨੀ ਦੇਸ਼ ਦੀ।
ਅਮਾਨਤ ਹੈ ਰਖੀ ਸਾਂਭ ਕੇ।
ਮੈਂ ਹਾਂ ਕਸ਼ਮੀਰ ਦਾ।
ਕਸ਼ਮੀਰ ਮੇਰੀ ਏ।

—ਃ—ਃ—

ਪੀਆ ਦੀ ਸਿਕ

ਕੋਮਲ ਅੰਗ ਸਰੀਰ ਦੇ ਹੋਏ ਕੋਲੇ,
ਪਿਆ ਤਤੀ ਨੂੰ ਹੋਰ ਨ ਤਾ ਪੀਆ,
ਓਸ ਰੋਗ ਦੀ ਬਨੀ ਹਾਂ ਮੈਂ ਰੋਗਨ,
ਤੇਰੇ ਬਿਨਾਂ ਨ ਜਿਦੀ ਦਵਾ ਪੀਆ,
ਸਾਵਨ ਵਾਂਗਰਾਂ ਹੜ ਨੇ ਚੜ੍ਹੇ ਰਹਿੰਦੇ,
ਬਣ ਗਏ ਨੈਣ ਵੀ ਮੇਰੇ ਦਰਿਆ ਪੀਆ,
ਏੜੀ ਆਸ ਦੀ ਲਗੇ ਨਾ ਪਾਰ ਮੇਰੀ,
ਰਹੀ ਹਾਂ ਵੰਞ ਦਲੀਲਾਂ ਦੇ ਲਾ ਪੀਆ,

ਕਿਥੇ ਛੁਪ ਗਿਓਂ ਸੂਰਜਾ ਬਿਨਾਂ ਤੇਰੇ,
ਗਿਆ ਦਿਲ ਦਾ ਕਵੰਲ ਕੁਮਲਾ ਪੀਆ,
ਲੇਖਾਂ ਲੁਟੀ ਨੂੰ ਭਾਗ ਸੁਹਾਗ ਲਭੇ,
ਜੇਕਰ ਅਜ ਜਾਵੇਂ ਕਿਤੇ ਆ ਪੀਆ,

:—:—

ਡੁਬੇ ਸੂਰਜ ਤੇ ਦਿਨ ਨਾ ਰਾਤ ਪੈਂਦੀ,
ਛਿੜਦੀ ਆਨ ਕੇ ਬਿਰਹੋਂ ਦੀ ਕਾਰ ਮੈਨੂੰ,
ਰਾਤਾਂ ਕਾਲੀਆਂ ਬ੍ਰਾਝ ਨੇ ਚੈਨ ਤੇਰੇ,
ਜੀਵਨ ਜਾਪਦਾ ਬੜਾ ਦੁਸ਼ਵਾਰ ਮੈਨੂੰ,
ਤੇਰੀ ਤਾਂਘ ਦੀ ਤੜਫਨੀ ਲਗੀ ਰਹਿੰਦੀ,
ਸਵਨ ਦੇਂਦਾ ਨਾ ਤੈਰਾ ਪਿਆਰ ਮੈਨੂੰ,
ਘੁਮਨ-ਘੇਰ ਅੰਦਰ ਰੋਂਤੇ ਪਈ ਖਾਵਾਂ,
ਆਕੇ ਲਾ ਮਲਾਹ ਹੁਣ ਪਾਰ ਮੈਨੂੰ,
ਭਾਲ ਭਾਲ ਕੇ ਹੋਈ ਬੇ-ਹਾਲ ਸਾਰੇ,
ਰਹੀ ਹਾਂ ਕੂੰਝ ਦੇ ਵਾਂਗ ਕੁਰਲਾ ਪੀਆ,
ਮਛੀ ਵਾਂਗ ਬਰੇਤੇ ਵਿਚ ਜਾਨ ਤੜਫੇ,
ਪਾਣੀ ਬ੍ਰਣ ਪਿਆਰ ਦਾ ਆ ਪੀਆ,
ਖੁਰੇ ਭਾਚੀ ਦੇ ਲਭਦੀ ਮੋਈ ਕਿਧਰੇ,
ਕਰਕੇ ਬੇਲਿਆਂ ਚ ਥਾਂ ਥਾਂ ਡਿਠੀ
ਤਪਵੀ ਰਹੀ ਮੈਂ ਬਿਰਹੋਂ ਦੀ ਧੁਪ ਅੰਦਰ,
ਤੇਰੀ ਦੀਦ ਦੀ ਕਿਤੇ ਨਾਂ ਛਾਂ ਡਿਠੀ
ਸੁਠੀ ਸੋ ਤੇ ਪੁਜੀ ਪਹਾੜ ਤੇ ਮੈਂ
ਤੇਰੀ ਮੂਰਤੀ ਓਥੇ ਵੀ ਨਾਂ ਡਿਠੀ,

ਕੰਢੇ ਪਾਰਲੇ ਆਇਓ ਨ ਨਜ਼ਰ ਮੈਨੂੰ
ਤਰ ਕੇ ਦੁਖਾਂ ਦੀ ਭਰੀ ਏਣਾਂ ਡਿਠੀ
ਭੜਕੇ ਅਗ ਫਿਰਾਕ ਦੀ ਵਿਲ ਅੰਦਰ
ਪਾਣੀ ਦੀਦ ਦਾ ਆਨ ਕੇ ਪਾ ਪੀਆ
ਮੋਤੀ ਸਿਪਾਂ ਦੇ ਤੋੜ ਅਨ--ਮੋਲ ਬੈਠੀ
ਕੀਤੇ ਕੌਲ ਉਤੇ ਕਿਤੇ ਆ ਪੀਆ
ਦਿਨੇ ਰਾਤ ਹੀ ਭਰਾਂ ਉਬਾਸੀਆਂ ਮੈਂ
ਪਾਗਲ ਆਖਦਾ ਸਾਰਾ ਜਹਾਨ ਮੈਨੂੰ
ਰਾਤ ਪੁਨਿਆਂ ਦੀ ਪੀਆ ਬਾਹਝ ਤੇਰੇ
ਉਹ ਵੀ ਜਾਪਦੀ ਵਾਂਗ ਸ਼ਮਸ਼ਾਨ ਮੈਨੂੰ
ਮੇਲੇ ਵਾਂਗਰਾ ਰੌਣਕਾਂ ਲਗੀਆਂ ਨੇ
ਐਪਰ ਬਿਨਾਂ ਤੇਰੇ ਬੀਆ-ਬਾਨ ਮੈਨੂੰ
ਮਾਲਾ ਯਾਦ ਤੇਰੀ ਫਿਰਦੀ ਮਨ ਅੰਦਰ
ਅਠੇ ਪਹਿਰ ਹੀ ਤੇਰਾ ਧਿਆਨ ਮੈਨੂੰ
ਖੇਤੀ ਦਿਲਦੀ ਔੜ ਉਜਾੜ ਸੁਟੀ
ਬਦਲ ਰਹਿਮਤ ਦਾ ਆਨ ਵਸਾ ਪੀਆ
ਲਵਾਂ ਸਮਝ ਮੈਂ ਮੇਵਕ ਸੁਵਰਗ ਮਿਲਿਆ
ਮਿਲੇਂ ਤੂੰ ਮੈਨੂੰ ਕਿਤੇ ਆ ਪੀਆ

ਵਿਯੋਗਨ ਦੇ ਵਲਵਲੇ

ਪੀਆ ਤੇਰੇ ਦੀਦਾਰ ਦੀ ਚਾਹ ਪਿਛੇ
ਜਾਨ ਲਬਾਂ ਤੇ ਮੇਰੀ ਏ ਅੜੀ ਹੋਈ
ਤਕ ਤਕ ਕੇ ਅਖੀਆਂ ਥਕ ਗਈਆਂ
ਤੇਰੇ ਰਾਹ ਨੂੰ ਵੇਖਦੀ ਖੜੀ ਹੋਈ
ਸੋਹਣੇ ਸੂਰਜਾ ਆਨ ਕੇ ਝਾਤ ਪਾ ਦੇਂ
ਮੈਂ ਹਾਂ ਘੁਪ ਹਨੇਰ ਵਿਚ ਤੜੀ ਹੋਈ
ਘਾਲਾਂ ਘਾਲੀਆਂ ਮੁਸ਼ਕਲਾਂ ਜਾਂਲੀਆਂ ਨੇ
ਥਕ ਟੂਟ ਡਿਗੀ ਔਖੀ ਬੜੀ ਹੋਈ
ਛਿਲਿਆਂ ਕਾਤੀ ਵਿਛੋੜੇ ਦੀ ਪਈ ਤੜਫਾਂ
ਅਖੀਂ ਵੇਖ ਜਾਂਦੇ ਆਕੇ ਘਾਹ ਮੇਰੇ
ਤੇਰੀ ਦੀਦ ਲਈ ਜਾਨ ਅਟਕਾਈ ਹੋਈ ਏ
ਰਹੇ ਕੁਛ ਸਰੀਰ ਵਿਚ ਸਾਹ ਮੇਰੇ
ਭੜਕੇ ਅਗ ਫਿਰਾਕ ਦੀ ਦਿਲ ਅੰਦਰ
ਪਾਣੀ ਦੀਦ ਦਾ ਆਕੇ ਪਾ ਜਾਦੇਂ
ਰਹਿ ਜਾਏ ਨ ਦਿਲ ਦੀ ਦਿਲ ਅੰਦਰ
ਲਾਈ ਹੋਈ ਨੂੰ ਤੋੜ ਨਿਭਾ ਜਾਂਦੇਂ

ਭੁਲਾ ਰਾਹ ਤੇ ਭਟਕਦੀ ਫਿਰਾਂ ਮਾਹੀਆ
ਮੇਰੀ ਮੰਜ਼ਿਲ ਤੇ ਮੈਨੂੰ ਪਹੁੰਚਾ ਜਾਦੋਂ
ਭਾਂ ਮੈਂ ਏਸ ਅਦਾਲਤੋਂ ਬਰੀ ਹੁੰਦੀ
ਕੀਤੇ ਕੌਲ ਤੇ ਫੁਲ ਚੜ੍ਹਾਂ ਜਾਂਦੋਂ

ਮੇਰੇ ਮਨ ਦੀ ਹੋ ਜਾਏ ਆਸ ਪੂਰੀ
ਜਾਂਵੇ ਮਨ ਜੇ ਪ੍ਰੀਤਮਾ ਹਾੜਿਆਂ ਨੂੰ
ਤੇਰੀ ਦੀਦ ਦਰਿਆ ਵੇ ਠਾਰ ਦੇਵੇ
ਭੈੜੀ ਬਿਰਹੋਂ ਦੀ ਅਗ ਦੇ ਸਾੜਿਆਂ ਨੂੰ

ਪਾਰੇ ਵਾਂਗ ਪਈ ਤੜਫਦੀ ਜਾਨ ਮੇਰੀ
ਰੁੜੀ ਜਾਵਾਂ ਵਿਛੋੜੇ ਦੇ ਵਹਿਣ ਅੰਦਰ
ਢੇਰੀ ਹੌਂਸਲੇ ਦੀ ਢਹਿੰਦੀ ਜਾਏ ਮੇਰੀ
ਤਾਹਨੇ ਮਿਹਨੇਂ ਜਹਾਨ ਦੇ ਸਹਿਣ ਅੰਦਰ
ਨਾਗ ਵਾਂਗ ਨਿਵਾਸ ਏ ਬਿਨਾਂ ਤੇਰੇ
ਬੀਤੇ ਘੜੀ ਆਰਾਮ ਨ ਚੈਨ ਅੰਦਰ
ਦਿਨੇ ਔਂਸੀਆਂ ਕਾਂਗ ਉਡਾਂਵਦੀ ਰਹਾਂ
ਤਾਰੇ ਰਹਾਂ ਗਿਨਦੀ ਸਾਰੀ ਰੈਨ ਅੰਦਰ

ਪਿਆਲੇ ਜਾਪਦੇ ਖੰਜਰ ਨੇ ਪਏ ਮੈਨੂੰ
ਸੂਲਾਂ ਵਾਂਗ ਸੁਰਾਹੀਆਂ ਨੇ ਰੜਕ ਰਹੀਆਂ
ਝਵਾਂ ਪਾਸਿਆਂ ਗ਼ਮਾਂ ਦੇ ਛਾਏ ਬਦਲ
ਬਿਰਹੋਂ ਬਿਜਲੀਆਂ ਆਂਨ ਕੇ ਕੜਕ ਰਹੀਆਂ

ਸੜੀ ਆਨ ਸਰੀਰ ਨੂੰ ਸਾੜ ਦੇਵੇ
ਤਤੀ ਨਿਕਲੇ ਜੇ ਦਿਲੋਂ ਅਫਵਾਹ ਮੇਰੇ
ਵਿਛਿਆ ਦਿਲਦਾ ਤਖਤ ਏ ਪਿਆ ਜਾਨੀ
ਉਤੇ ਬਹਿ ਜਾਂਦੋਂ ਬਾਦਸ਼ਾਹ ਮੇਰੇ
ਪੂਰੀ ਮਨ ਦੀ ਮੌਜ ਵੀ ਆਨ ਹੁੰਦੀ
ਖਟਦੇ ਲੇਖ ਜਹਾਨ ਤੋਂ ਲਾਹ ਮੇਰੇ
ਦੁਖਾਂ ਦਰਦਾਂ ਤੋਂ ਆਂਨ ਕਲਿਆਨ ਹੁੰਦੀ
ਜਾਂਦੇ ਲਗ ਜੇ ਕੀਰਨੇ ਵਾਹ ਮੈਰੇ

ਖੇਤੀ ਸੁਕੀ ਹੋਈ ਦਿਲਦੀ ਹਰੀ ਹੁੰਦੀ
ਬੁਲਬੁਲ ਗਾਂਵਦੀ ਗੀਤ ਬਹਾਰ ਅੰਦਰ
'ਸੇਵਕ' ਭੋਰਿਆ ਆਨ ਕੇ ਰੀਝਦੋਂ ਜੇ
ਮੇਰੇ ਦਿਲਦੀ ਖਿੜੀ ਗੁਲਜ਼ਾਰ ਅੰਦਰ।

ਰੀਝ

ਮਾਹੀਆਂ ਮਾਹੀਆਂ ਸਾਰੇ ਕੂਕਾਂ,
ਕੂਕ ਸੁਨੇ ਨਾ ਕੋਈ
ਡਿੱਠਾ ਠਿਲ੍ਹ ਝਨਾਂ ਦੇ ਅੰਦਰ
ਬੈਠ ਬਲਾਂ ਵਿਚ ਰੋਈ

ਨ੍ਹੇਰੇ ਜਾਂਦੀ ਚਾਨਣ ਲਭਾ
ਦਿਲ ਅਪਣੇਂ ਦੇ ਵਿਚੋਂ
ਮਾਝੀਆ ਮਾਹੀਆ ਕਰਦੀ 'ਸੇਵਕ'
ਆਪੇ ਮਾਹੀਆ ਹੋਈ

—:—:—

ਬਿਰਹੱਨ

ਸਾਵਨ ਮਾਹ ਤੇ ਰਿਮ-ਝਿਮ ਲਗੀ
ਬਿਜਲੀ ਆਨ ਡਰਾਵੇ
ਰਾਤ ਕਾਲੀ ਹੈ ਕਲਮ-ਕਾਲੀ
ਦਿਲ ਨੂੰ ਚੈਨ ਨਾ ਆਵੇ
ਪਾ ਪਾ ਓਂਸੀਆਂ ਅੱਸੂ ਕੇਰਾਂ
ਕਰ ਕੇ ਯਾਦ ਪ੍ਰੀਤਮ
ਤੇਰੇ ਬਾਹਝੋਂ ਖਾਵਨ ਪੀਵਨ
ਮੂਲ ਨ 'ਸੇਵਕ' ਭਾਵੇਂ

—:—:—

ਅੱਜ ਕੱਲ

ਉਡ ਗਈ ਸਾਦਗੀ ਦੇਸ਼ ਚੋਂ ਪਰ ਲਾਕੇ,
ਵਾਈਊ ਆਨ ਏਥੇ ਫੈਸ਼ਨਦਾਰ ਬਦਲੀ ।
ਰੰਗ ਵੇਖ ਜ਼ਮਾਨੇਂ ਦੇ ਨਵੇਂ ਸਾਰੇ,
ਏਦਾਂ ਜਾਪਦਾ ਜਿਵੇਂ ਬਹਾਰ ਬਦਲੀ ।

ਮੁਦਰ ਦੁਕਦੇ ਜਿਹੜੇ ਜਵਾਨ ਹੈ ਸਨ
ਨਹੀਂ ਉਹ ਅਜ ਪੰਜਸੇਰੀ ਉਠਾ ਸਕਦੇ
ਬੀਰ ਦੂਰੀਆਂ ਚੁੰਘੂ ਵਰਯਾਮ ਜਿਹੜੇ
ਪਾਈਆ ਦੁਧ ਨਹੀਂ ਅਜ ਪਚਾ ਸਕਦੇ

ਅਖੀਂ ਵਿਹੰਦਿਆਂ ਅੰਨਾਂ ਜਹਾਨ ਹੋਇਆ
ਐਸੀ ਮਾਰ ਜ਼ਮਾਨੇ ਨੂੰ ਵੱਗ ਗਈ ਏ
ਹੀਰੇ ਨੈਣਾਂ ਦੀ ਬ੍ਰਾਠ ਮਿਟਾਨ ਦੇ ਲਈ
ਐਨਕ ਕਚੱ ਦੀ ਅਖਾਂ ਤੇ ਲੱਗ ਗਈ ਏ

ਦਾਲ ਮੂੰਗੀ ਦੀ ਢਿਡੀਂ ਨਾ ਪਈ ਗਲਦੀ
ਵਰਤੀਆਂ ਐਸੀਆਂ ਆਨ ਬੀਮਾਰੀਆਂ ਨੇ
ਤੇਗਾਂ ਵਾਹਿਨ ਵਾਲੇ ਜਿਹੜੇ ਸੂਰਮੇਂ ਸਨ
ਖੁੰਡੀ ਪਕੜ ਲਈ ਉਹਨਾਂ ਖਿਡਾਰੀਆਂ ਨੇ

ਉਠਿਆ ਜਾਏ ਨਾ ਫਿਟੇ ਮੂੰਹ ਗੋਡਿਆਂ ਦਾ
ਬੋਤਲ ਬਿਨਾਂ ਪਰ ਲੰਘਦਾ ਬੁੱਟ ਹੈ ਨਹੀਂ
ਕੋਰੇ ਅੰਦਰੋਂ ਢਿਡੀਂ ਕੁੜੱਲ ਪੈਦੇਂ
ਵੇਖਨ ਵਲੋਂ ਨਵਾਬ ਕੋਈ ਘੱਟ ਹੈ ਨਹੀਂ

ਲਾਲੀ ਲਿਸ਼ਕਦੀ ਜਿਨਾਂ ਸੀ ਚਿਹਰਿਆਂ ਤੇ
ਪਾਈਆਂ ਆਨ ਬਸੰਤ ਨੇ ਵਰਦੀਆਂ ਨੇ
ਬਿਨਾਂ ਗੁੜ ਦੇ ਗਭਰੂਆਂ ਮੂੰਹ ਉਤੇ
ਪਥੀਆਂ ਮਖੀਆਂ ਭਿੰਨ ਭਿੰਨ ਕਰਦੀਆਂ ਨੇ

ਕੂੜੇ ਕੱਚ ਨੇ ਮੋਤੀਆਂ ਮੇਲ ਦਿਤਾ
ਜਿਹੜੇ ਕਚ ਹੈ ਸਨ ਓਹੋ ਨੱਗ ਬਣ ਗਏ
ਐਸਾ ਆਨ ਕੇ ਇਨਕਲਾਬ ਹੋਇਆ
ਵਡੇ ਪੰਚ ਪ੍ਰਧਾਨ ਨੇ ਠੱਗ ਬਣ ਗਏ
ਕੇਸੀਂ ਕੈਂਚੀਆਂ ਕੁੜੀਆਂ ਨੇ ਆਨ ਧਰੀਆਂ
ਪੌਡਰ ਮੂੰਹ ਤੇ ਮੁੰਡੇ ਨੇ ਲਾਨ ਲਗੇ
ਦਾੜੀ ਮੁੱਛ ਨ ਮਰਦਾਂ ਦੇ ਮੂੰਹ ਉਤੇ
ਆਪੇ ਤੀਵੀਆਂ ਭੇਸ ਬਨਾਣ ਲਗੇ

ਬਿਨਾਂ ਬਿਸਤਰਿਓਂ ਰਾਤ ਨੂੰ ਪੈਣ ਢੂੰਜੇ
ਗਲ ਵਿਚ ਕੋਟ ਪਤਲੂਣ ਤੇਂ ਟਾਈ ਦਿਸੇ
ਹੈਟ ਬੂਟ ਤੋਂ ਬੜੇ ਰਈਸ ਜਾਪਨ
ਪਾਈ ਖੀਸਿਆਂ ਵਿਚ ਨ ਪਾਈ ਦਿਸੇ

ਰੋਸ਼ਨ ਨਾਮ ਦੁਪਹਿਰੀ ਨ ਨਜ਼ਰ ਆਵੇ
ਸ਼ੇਰ ਸਿੰਘ ਤੇ ਭਰਨ ਪਏ ਬਿਲੀਆਂ ਤੋਂ
ਗਲੀਂ ਤੋੜਦੇ ਤਾਰੇ ਅਸਮਾਂਨ ਉਤੋਂ
ਅਕਲੋਂ ਹਾਰਦੇ ਨੇ ਸ਼ੇਖ ਚਿਲੀਆਂ ਤੋਂ

ਦੇਸੀ ਟਟੂ ਦੁਲਤੇ ਨੇ ਖੁਰਾ-ਸਾਨੀ
ਗਿਆ ਸੁਖ ਤੇ ਆਨ ਅਜ਼ਾਬ ਹੋਇਆ
ਅਠਾਂ ਸਠਾਂ ਦੇ ਏਥੇ ਨੇ ਮੇਲ ਹੋਏ
ਚਿਟੀ ਦਾੜੀ ਤੇ ਆਟਾ ਖਰਾਬ ਹੋਇਆ

ਮਿਤਰ ਜਿਹੜੇ ਮੁਹੱਬਤ ਦੇ ਕਰਨ ਵਾਲੇ
ਸਮੇਂ ਗੇੜ ਖਾਦਾ ਮਿਤਰ-ਮਾਰ ਬਣ ਗਏ
ਦੇਸ਼ ਭਗਤ ਅਜ਼ਾਦੀ ਦੇ ਜੋ ਆਸ਼ਕ
ਅਖੀਂ ਵੇਖੀਏ ਓਹੋ ਗ਼ਦਾਰ ਬਣ ਗਏ

ਹਥੋਂ ਸਖਣੇਂ ਰਿਹਾ ਨ ਕੁਝ ਪਲੇ
ਅਗੇ ਹੋਰਨਾਂ ਦੇ ਪਲੇ ਪੈਣ ਲਗੇ
ਸੁਥਰੇ ਅਣਖ ਤੋਂ ਹਥ ਨੇ ਧੋ ਬੈਠੇ
ਹਥੀਂ ਸਖਨੇਂ ਡੌਰੂ ਵਜੌਨ ਲਗੇ ।

ਗਈਆਂ ਬੈਠਕਾਂ, ਬੈਠਕਾਂ ਆਨ ਮਲੀਆਂ
ਗਈਆਂ ਕੁਸ਼ਤੀਆਂ ਤਾਸ਼ ਪ੍ਰਧਾਨ ਹੋ ਗਈ
ਬੋਲੀ ਆਪਣੀਂ ਮੁੰਹੋਂ ਨ ਬੋਲਦੇ ;ਨੇ
ਖਬਰੇ ਹਿੰਦ ਸਾਰੀ ਇੰਗਲਸਤਾਨ ਹੋ ਗਈ।

ਉਚੇ ਗਭਰੂ ਪਰ ਪਲੇ ਠੀਕਰਾਂ ਨੇ
ਬਣੀ ਹੋਈ ਬਨਾਵਟ ਦੀ ਸ਼ਾਨ ਰਹਿ ਗਈ
ਇਲਮ ਦੀਨ ਨੂੰ ਅਖਰ ਨ ਇਕ ਆਵੇ
ਸੋਦਾ ਵਿਕ ਗਆ ਖਾਲੀ ਦੁਕਾਨ ਰਹਿ ਗਈ

—:—:—

ਨਵੇਂ ਜਵਾਨ

ਲਾਲੀ ਉਡ ਗਈ ਚਿਹਰੇ ਨੇ ਪਏ ਪੀਲੇ
ਪਾਈ ਮੂੰਹ ਵਿਚ ਪਾਨ ਦੀ ਸ਼ਾਨ ਰਹਿ ਗਈ
ਨਾਂ ਦੇ ਚਾਨਣ ਤੇ ਦਿਸੇ ਦੁਪਹਿਰ ਨੂੰ ਨ
ਅਕਲ ਵੇਖ ਕੇ ਮੇਰੀ ਹੈਰਾਨ ਰਹਿ ਗਈ

ਪੋਲੇ ਹੋਏ ਹੋਏ ਵਿਚੋਂ ਠੇ ਢੋਲ ਵਾਗੂੰ
ਉਤੋਂ ਬਨੀ ਵਜੂਦ ਦੀ ਸ਼ਾਨ ਰਹਿ ਗਈ
ਸਚ ਸੁਖਨ ਸਿਆਨਿਆਂ ਕਿਹਾ 'ਸੇਵਕ'
ਸੋਦਾ ਵਿਕ ਗਿਆ ਖਾਲੀ ਦੁਕਾਨ ਰਹਿ ਗਈ

ਇਕਸੋਬਿਕ

"ਭਗਵਾਨ ਦੇ ਰੰਗ"

ਵਾਹ ਦਾਤਾ ਇਹ ਤੇਰੀ ਸ਼ਾਨ ।
ਸੜਕਾਂ ਉਤੇ ਰੁਲ ਰਹੇ ਨੇ,
ਚੌਧਰੀ ਲਾਲੇ ਮਲਕ ਦੀਵਾਨ ।
ਦਾਤੇ ਅਜ ਸੁਵਾਲੀ ਬਣ ਗਏ;
ਜਿਹੜੇ ਕਲ ਸੀ ਕਰਦੇ ਦਾਨ ।
ਜ਼ਾਰਜ਼ਾਂ ਮਾਰੇ ਪਾਣੀ ਭਰਦੇ,
ਗਭਰੂ ਸੋਹਣੇਂ ਛੈਲ ਜਵਾਨ ।
ਲਖਾਂ ਵਾਲੇ ਕਖ ਨ ਪਲੇ,
ਮਿਟੀ ਦੇ ਵਿਚ ਮਿਲਿਆ ਮਾਨ
ਕੈਂਪਾਂ ਦੇ ਵਿਚ ਰੁਲ ਰਹੇ ਨੇ,
ਜਿਹੜੇ ਹੈ ਸਨ ਖਨੀਂ ਖਾਨ ।
ਵਾਹ ਵਾਹ ਰੰਗ ਤੇਰੇ ਭਗਵਾਨ

ਵਾਹ ਓ ਰਬਾ ਤੇਰੇ ਰੰਗ
ਸਿਰੋਂ ਨੰਗੀਆਂ ਮੁਟਿਆਰਾਂ ਜਾਵਨ
ਨ ਕੋਈ ਭੈ, ਤੇ ਨ ਕੋਈ ਸੰਗ
ਮੂੰਹ ਦੇ ਉਤੇ ਮਲਿਆ ਆਟਾ
ਘਰ ਦੇ ਵਿਚ ਪਈ ਭੁਜਦੀ ਭੰਗ
ਅਜ ਚੜ੍ਹੀ ਉਹ ਸੈਰ ਦੇ ਉਤੇ
ਕਲ ਜਿਦੀ ਸੀ ਹੋਈ ਮੰਗ
ਮਿਲਾਂ ਦੇ ਜੋ ਮਾਲਕ ਹੈ ਸਨ
ਹੋਏ ਫਿਰਦੇ ਨੰਗ ਧੜੰਗ
ਪੈਸੇ ਚਾਰ ਨੇ ਜਿਸਦੇ ਪਲੇ
ਭੋਏਂ ਉਤੇ ਨਹੀਂ ਲੌਂਦਾ ਟੰਗ
ਕਰਦਾ ਫਿਰਦਾ ਥੜੇ ਗੁਮਾਨ
ਵਾਹ ਵਾਹ ਰੰਗ ਤੇਰੇ ਭਗਵਾਨ

ਵਾਹ ਲਾਈ ਇਹ ਖੂਬ ਪਨੀਰੀ
ਅਪਣੇਂ ਵਰਗਾ ਕੋਈ ਨ ਜਾਣੇਂ
ਇਸ ਦੁਨੀਆਂ ਦੀ ਸ਼ਾਨ ਅਮੀਰੀ

ਵੀਰ ਵੀਰ ਦਾ ਵੈਰੀ ਹੋਇਆ
ਜਿਸ ਖੂਨ ਦੀ ਇਕੋ ਸੀਰੀ
ਜਿਥੇ ਸੀ ਗਲਵਕੜੀ ਪੈਂਦੀ
ਓਥੋਂ ਵਰੇ ਖੂਨ ਤਤੀਰੀ
ਸ਼ਹਿਨਸ਼ਾਹ ਨੇ ਭਾਜਾਂ ਵਾਲੇ
ਧਾਰੀ ਫਿਰਦੇ ਭੇਸ ਫਕੀਰੀ
ਜਿਸ ਮਾਂ ਦੇ ਪੇਟੋਂ ਜੰਮੇ'
ਓਸੇ ਦੀ ਫੜ ਛਾਤੀ ਚੀਰੀ
ਕੀ ਭਾਰਤ ਕੀ ਪਾਕਿਸਤਾਨ
ਵਾਹ ਵਾਹ ਰੰਗ ਤੇਰੇ ਭਗਵਾਨ

ਵਾਹ ਵਾਹ ਰੰਗ ਤੇਰੇ ਕਰਤਾਰ
ਅਜ ਉਹ ਨੇ ਬਰਦੇ ਬਣ ਗਏ
ਹੈ ਸਠ ਜਿਹੜੇ ਕਲ ਸਰਦਾਰ
ਵੇਖੇ ਚਾਖੇ ਅੱਖ ਨਾ ਮੇਲਨ
ਜਿਹੜੇ ਹੈ ਸਨ ਮਿਤਰ–ਯਾਰ
ਚੰਗੇ ਵੀਰ ਅਸਾਨੂੰ ਮਿਲ ਗਏ
ਗਲ ਗਲ ਤੇ ਕਰਦੇ ਤਕਰਾਰ
ਸੋਹਣੇਂ ਸਾਰੇ ਸਾਜ਼ ਨੇ ਟੁਟੇ

ਨ ਹੁਣ ਸਾਜ਼ ਨ ਹੁਣ ਤਾਰ
ਆਨ ਸ਼ਾਨ ਨੂੰ ਖੋਈ ਫਿਰਦੀ
ਭਾਰਤ ਦੀ ਅਜ ਸੁੱਘੜ ਨਾਰ
ਮਿਣੀ ਦੇ ਵਿਚ ਮਿਲਿਆ ਮਾਨ
ਵਾਹ ਵਾਹ ਰੰਗ ਤੇਰੇ ਭਗਵਾਨ

ਬਾਬੂ ਬੈਠੇ ਕਾਰਾਂ ਉਤੇ
ਜਿਹੜੇ ਸਾਡੇ ਨੌਕਰ ਹੈ ਸਨ
ਹੁਕਮ ਕਰਨ ਸਰਦਾਰਾਂ ਉਤੇ
ਤਾਨ ਤਾਨ ਕੇ ਛਾਤੀ ਫਿਰਦੇ
ਮੌਜਾਂ ਕਰਨ ਬਹਾਰਾਂ ਉਤੇ
ਫੁਲ ਹੋਏ ਨੇ ਖੰਬੜੀ ਖੰਬੜੀ
ਜੋਬਨ ਆਇਆ ਖਾਰਾਂ ਉਤੇ
ਅਖੀਂ ਵੇਖ ਹੈਰਾਨੀ ਹੁੰਦੀ
ਫੈਸ਼ਨ ਜੋ ਮੁਦਿਆਰਾਂ ਉਤੇ
ਉਹਨਾਂ ਦਾ ਕੋਈ ਨਾਂ ਨਹੀਂ ਲੈਦਾ,
ਚੜ੍ਹੇ ਸੀ ਜਿਹੜੇ ਦਾਰਾਂ ਉਤੇ
ਰੁਤਬੇ ਪਾਏ ਉਚੀ ਸ਼ਾਨ
ਵਾਹ ਵਾਹ ਰੰਗ ਤੇਰੇ ਭਗਵਾਨ

ਵਾਹ ਦਾਤਾ ਇਹ ਮਿਲੀ ਅਜ਼ਾਦੀ
ਭੁਲ ਸਕਦੀ ਨਹੀਂ ਦੁਨੀਆਂ ਉਹਨੂੰ
ਅਖੀਂ ਵੇਖੀ ਜੋ ਬਰਬਾਦੀ
ਉਜੜ ਗਈ ਉਹ ਨਗਰੀ ਸਾਰੀ
ਗਹਿਮਾਂ ਗਹਿਮ ਜਿਦੀ ਆਬਾਦੀ
ਉਸਦਾ ਡਿਠੱਾ ਸਥੱਰ ਪੈਦਾਂ।
ਹੋ ਰਹੀ ਸੀ ਜਿਸਦੀ ਸ਼ਾਦੀ
ਮੰਗਤੀ ਦਾ ਉਸ ਹੁਲੀਆ ਕੀਤਾ।
ਹੈ ਸੀ ਜਿਹੜੀ ਕੋਈ ਸ਼ਹਿਜ਼ਾਦੀ
ਘਰ ਕਿਸੇ ਦੇ ਪਾਣੀ ਭਰਦੀ
ਰਾਏ-ਸਾਹਿਬ ਦੀ ਸਾਹਿਬ-ਜ਼ਾਦੀ
ਨ ਕੋਈ ਹੈਂਕੜ ਨ ਕੋਈ ਤਾਨ
ਵਾਹ ਵਾਹ ਰੰਗ ਤੇਰੇ ਭਗਵਾਨ

—:—:—

ਅਨੋਖੀ ਦੁਨੀਆ

ਅਖਾਂ ਤਕ ਹੈਰਾਨ ਹੋਈਆਂ ਨੇ
ਡਿਠੀ ਕੋਈ ਅਨੋਖੀ ਦੁਨੀਆਂ
ਖ਼ੁਸ਼ੀਆਂ ਦੇ ਵਿਚ ਖੇਡਨ ਵਾਲੀ
ਕਿਡੀ ਹੈ ਸੀ ਸੋਖੀ ਦੁਨੀਆਂ
ਕਿਦਾਂ ਮੌਤ ਦੀਆਂ ਘੜੀਆਂ ਗਿਨ ਗਿਨ
ਔਖੇ ਦਿਨ ਲੰਘਾਦੀ ਪਈ ਏ
ਰੇਸ਼ਮ ਉਤੇ ਸੌਂਦੀ ਜੋ ਸੀ
ਭੋਏਂ ਤੇ ਆਸਨ ਲੌਂਦੀ ਪਈ ਏ
ਲਖਾਂ ਦੇ ਜੋ ਮਾਲਕ ਹੈ ਸਨ
ਕਖੋਂ ਹੌਲੇ ਹੋਏ ਹੋਏ ਨੇ
ਜੀਵਨ ਜੋਸ਼ ਜਵਾਨੀ ਸਭ ਕੁਝ
ਦਿਲ ਉਨ੍ਹਾਂ ਦੇ ਖੋਏ ਹੋਏ ਨੇ
ਜੋ ਕੁਛ ਹੋਇਆ ਨਾਲ ਇਨਾਂ ਦੇ
ਉਹ ਕੁਛ ਹੁਨ ਤੇ ਕਿਹਾ ਨਹੀਂ ਜਾਂਦਾ
ਦਿਲ ਵਿਚ ਸਭ ਕੁਛ ਆਇਆ ਹੋਇਆ
ਕਹੇ ਬਿਨਾਂ ਹੁਨ ਰਿਹਾ ਨਹੀਂ ਜਾਂਦਾ

ਜਿਨਾਂ ਸ਼ਗਨ ਦੇ ਗਾਨੇਂ ਬੱਨ ਕੇ
ਡੋਲੇ ਅਜੇ ਲਿਅੌਨੇਂ ਹੈ ਸਨ
ਜਿਨਾਂ ਕੁੜੀਆਂ ਚ ਅ ਦੇ ਅੰਦਰ
ਰੰਗਲੇ ਚੂੜੇ ਪੌਨੇਂ ਹੈ ਸਨ
ਜਿਨਾਂ ਮਾਵਾਂ ਚਾਅ ਦਿਲਾਂ ਦੇ
ਆਸਾਂ ਨਾਲ ਪੁਜਾਨੇ ਹੈ ਸਨ
ਜਿਨਾਂ ਸਦੀਆਂ ਖੁਸ਼ੀ ਦੇ ਅੰਦਰ
ਗੀਤ ਅਨੋਖੇ ਗਾਨੇ ਹੈ ਸਨ
ਜਿਨਾਂ ਵੀਰਾਂ ਭੈਣਾਂ ਤਾਈਂ
ਵਾਗ ਫੜਾਈ ਦੇਣੀ ਹੈ ਸੀ
ਦਿਲ ਵਿਚ ਰਖੀ ਸਾਂਭ ਕੇ ਸੱਧਰ
ਕੋਈ ਕਿਸੇ ਨੂੰ ਕਹਿਨੀ ਹੈ ਸੀ
ਵੀਰ ਚੜੇ ਹੋਏ ਘੋੜੀਆਂ ਉਤੇ
ਭੈਣਾਂ ਵਾਗਾਂ ਫੜੀਆਂ ਹੋਈਆਂ
ਕੰਤਾਂ ਵਾਲੀਆਂ ਵਿਚ ਦਲੀਜ਼ਾਂ
ਰਹੀਆਂ ਉਡੀਕਨ ਖੜੀਆਂ ਹੋਈਆਂ
ਜੋ ਕੁਛ ਹੋਇਆ ਨਾਲ ਇਨ੍ਹਾਂ ਦੇ
ਉਹ ਕੁਛ ਹੁਣ ਤੇ ਕਿਆ ਨਹੀਂ ਜਾਦਾ
ਦਿਲ ਵਿਚ ਸਭ ਕੁਛ ਆਇਆ ਹੋਇਆ
ਕਹੇ ਬਿਨਾਂ ਹੁਣ ਰਿਹਾ ਨਹੀ ਜਾਂਦਾ

ਤੇਰੀ ਖੇਡ

ਢੋਲਾ ਕਿਸੇ ਮੁਟਿਆਰ ਦਾ ਬੂਹੇ ਤੇ ਆਇਆ
ਉਹ ਮੈਲਾ ਹੋਇਆ ਰਾਹ ਨ ਜਿਸ ਥਾਹੋਂ ਲੰਘਾਇਆ
ਉਹ ਟਹਿਣੀਂ ਝਵੀਂ ਨ ਜੰਡ ਦੀ ਜਿਸ ਸ਼ਗਨ ਮਨਾਇਆ
ਉਹਦੇ ਹਥਾਂ ਮਹਿੰਦੀ ਰਤਿਆਂ ਨ ਸੁਹੱਜ ਵਿਖਾਇਆ
ਉਹਦੀਆਂ ਬਾਹਾਂ ਚੂੜੇ ਵਾਲੀਆਂ ਨ ਪਿਆਰ ਵਧਾਇਆ
ਉਸ ਕੋਮਲ ਕਲੀ ਸ਼ਰਮਾਕਲੀ ਨ ਘੁੰਡ ਉਠਾਇਆ
ਉਸ ਗਾਨਾਂ ਸ਼ਗਨਾਂ ਵਾਲੜਾ ਨ ਖੋਲ ਖੁਲਾਇਆ
ਉਸ ਪਹਿਲੀ ਰਾਤ ਸੁਹਾਗ ਦੀ ਨ ਚਾਅ ਹੰਡਾਇਆ
ਉਹਦੇ ਆਸਾਂ ਪਕੇ ਖੇਤ ਤੇ ਕਿਸ ਗੜਾ ਵਗਾਇਆ
ਉਹਦਾ ਹਸਦਾ ਫੁਲ ਗੁਲਾਬ ਦਾ ਗਿਆ ਸੁਕਨੇ ਪਾਇਆ
ਉਹਦੀ ਉਠੀ ਚੀਕ ਕਲੇਜਿਓਂ ਆਕਾਸ਼ ਕੰਬਾਇਆ
ਉਹ ਰੋ ਰੋ ਅੰਨੀਂ ਹੋ ਗਈ ਉਸ ਨੂਰ ਗਵਾਇਆ
ਉਹ ਡਿਗੀ ਗਸ਼ ਖਾ ਜ਼ਿਮੀਂ ਤੇ ਉਸ ਹੋਸ਼ ਭੁਲਾਇਆ
"ਏਤੀ ਮਾਰ ਪਈ ਕੁਰਲਾਨੇਂ ਤੈਂ ਕੀ ਦਰਦ ਨ ਆਇਆ"

ਬੇਨਤੀ

ਦੇ ਦੇ ਦਾਨ ਮੈਨੂੰ ਦਇਆ ਵਾਨ ਹੋ ਕੇ
ਦੁਨੀਆਂ ਵੱਸ ਪਏ ਮੇਰੇ ਵੀਰਾਨਿਆਂ ਦੀ
ਐਸਾ ਜਾਮ ਪਿਲਾ ਸੁਰਾਹੀ ਵਿਚੋਂ
ਰਵੇ ਹੋਸ਼ ਨ ਹੋਰ ਮੈਖਾਨਿਆਂ ਦੀ
ਏਸ ਸ਼ਮ੍ਹਾਂ ਤੋਂ ਆਪਾ ਕੁਰਬਾਨ ਕਰ ਲਾਂ
ਤਾਕਤ ਖੋਹ ਕੇ ਕਈਆਂ ਪ੍ਰਵਾਨਿਆਂ ਦੀ
"ਸੇਵਕ" ਸਦਾ ਦਰਬਾਰ ਦਾ ਰਹਾਂ ਬਣਿਆਂ
ਮੂਰਤ ਵੇਖ ਕੇ ਤੇਰੇ ਦੀਵਾਨਿਆਂ ਦੀ

"ਮਨਸੂਰ"

ਚੜਨ ਲਗਾ "ਮਨਸੂਰ" ਜਾਂ ਸੂਲੀ,
ਲੋਕਾਂ ਮਾਰੇ ਪਥੱਰ।
ਲਗੇ ਫੱਟ ਤਲਵਾਰ ਦੇ ਵਾਰੂੰ,
ਦਿਲ ਪਰ ਹੋਇਆ ਸਥੱਰ।
ਦੋ ਫੁਲ ਜਦ 'ਸ਼ਿਬਲੀ' ਮਾਰੇ
ਕਿਹਾ ਮਨਸੂਰ ਨੇ ਓਦੋਂ
ਮਿਤਰ ਹੇ ਕੇ ਮਿਤਰ-ਮਾਰਾਂ
ਕੇਰ ਕੇ ਅਖੋਂ ਅਥੱਰ

-:--:-

ਲਕੀਰਾਂ

ਉਹਨਾਂ ਨੂੰ ਕੋਈ ਮੇਟ ਨਾ ਸਕੇ
ਜੋ ਲਿਖੀਆਂ ਤਕਦੀਰਾਂ
ਦਿਲ ਦੀਆਂ ਰੀਝਾਂ ਚਾ ਉਮੰਗਾਂ
ਡਿਠੀਆਂ ਜੋ ਤਸਵੀਰਾਂ
ਜੀਵਨ ਮੇਰਾ ਚਾਰ ਦਿਹਾੜੇ
ਇਸ ਦੁਨੀਆਂ ਵਿਚ ਰਹਿਣਾਂ
ਅਮਰ-ਜਵਾਨੀ ਮੇਰਾ ਜੀਵਨ
ਪਾਈਆਂ ਇਹ ਲਕੀਰਾਂ

-:--:-